# ਅੰਮ੍ਰਿਤ ਕੀਰਤਨ

ਅੰਕ 7 ਸਾਲ ਪੰਜਵਾਂ ਜੁਲਾਈ, 1993




ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 7 ਸਾਲ ਪੰਜਵਾਂ ਜੁਲਾਈ, 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1. ਗੁਰੂ ਨਾਨਕ—ਰਾਗ ਅਤੇ ਰਬਾਬ 1
—ਬਲਜੀਤ ਕੌਰ ਤੁਲਸੀ
2. ਗੁਰੂ ਕਾਵਿ ਵਿਚ ਕਾਵਿ-ਰੂਪ ਅਤੇ ਸੰਗੀਤ ਦਾ ਸੰਬੰਧ 6
—ਡਾ. ਜਾਗੀਰ ਸਿੰਘ
3. ਨਵੇਂ ਸਾਜਾਂ ਦਾ ਸਿਰਜਣਹਾਰ : ਅੱਛਰ ਸਿੰਘ 10
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤੇ ਕਾਵਿ ਦਾ ਸੰਜੋਗ 14
—ਡਾ. ਤਾਰਨ ਸਿੰਘ
5. ਗੁਰੂ ਨਾਨਕ ਦੇਵ ਜੀ 18
—ਪਿਆਰਾ ਸਿੰਘ ਪਦਮ
6. ਸੰਗੀਤ ਮੰਡਲ ਦਾ ਚਮਕਦਾ ਸਿਤਾਰਾ : ਭਾਈ ਦਲੀਪ ਸਿੰਘ ਤਬਲਾ ਉਸਤਾਦ 20
7. ਗੁਰੂ ਨਾਨਕ ਦੇਵ ਜੀ ਦੁਆਰਾ ਸੰਗੀਤਕਾਰਾਂ ਦਾ ਉਥਾਨ 22
—ਡਾ. ਗੀਤਾ ਪੈਂਤਲ
8. ਸ੍ਰੀ ਰਾਗੁ 23
—ਭਾਈ ਅਵਤਾਰ ਸਿੰਘ
ਭਾਈ ਗੁਰਚਰਨ ਸਿੰਘ
9. ਦੂਸਰੀ ਰੀਤ ਸ੍ਰੀ ਰਾਗ 27
—ਗਿਆਨ ਸਿੰਘ ਐਬਟਾਬਾਦ

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਗੁਰੂ ਨਾਨਕ-ਰਾਗ ਅਤੇ ਰਬਾਬ

**ਬਲਜੀਤ ਕੌਰ ਤੁਲਸੀ**

ਇਹ ਸਮੱਸਤ ਸਿਰਜਨਾ, ਇਹ ਸੰਪੂਰਣ ਬ੍ਰਹਿਮੰਡ ਇਕ ਅਨੰਤ ਚਾਲ ਵਿੱਚ ਚੱਲ ਰਿਹਾ ਹੈ। ਇਹ ਚਾਲ ਕਿਸੇ ਗਤਿ-ਵਿਧੀ ਵਿੱਚ ਹੈ, ਇਕਸੁਰਤਾ, ਇਕਸਾਰਤਾ ਵਿੱਚ ਹੈ। ਇਹ ਚਾਲ ਕਿਸੇ ਰਾਗਆਤਮਿਕ ਚਾਲ ਵਿੱਚ ਹੈ। ਇਹ ਚਾਲ ਕਦੀ ਟੁੱਟੀ ਨਹੀਂ, ਅਟੁੱਟ ਹੈ। ਇਹ ਚਾਲ ਕਦੀ ਰੁਕੀ ਨਹੀਂ, ਅਰੋਕ ਹੈ। ਇਸ ਅਨੰਤ ਚਾਲ ਦੀ ਲੈਅ ਕਦੀ ਇਕਸੁਰਤਾ ਨੂੰ ਭੰਗ ਨਹੀਂ ਕਰ ਸੱਕੀ। ਇਹ ਚਾਲ ਕਿਸੇ ਵਿਧੀ-ਵਿਧਾਨ ਵਿੱਚ ਹੈ। ਇਹ ਚਾਲ ਕਿਸੇ ਅਨੁਸਾਸ਼ਨ ਵਿੱਚ ਹੈ। ਇਹ ਚਾਲ ਕਿਸੇ ਨਿਯਮ ਅਧੀਨ ਹੈ। ਇਹ ਚਾਲ ਕਿਸੇ ਸੁਰ-ਤਾਲ ਵਿੱਚ ਹੈ। ਇਹ ਚਾਲ ਕਿਸੇ ਰਾਗ ਅਧੀਨ ਹੈ।

ਇਸ ਸੁਰ-ਤਾਲ-ਰਾਗ ਦਾ ਕੋਈ ਇੱਕ ਸਾਜ਼ ਨਹੀਂ, ਅਨੰਤ ਸਾਜ਼ ਹਨ। ਅਨੰਤ ਬਾਜੰਤ੍ਰੀ ਹਨ। ਇਨਾਂ ਸਾਜ਼ਾਂ ਦੀਆਂ ਸੁਰਾਂ ਤੇ ਤਾਰਾਂ ਅਦ੍ਰਿਸ਼ਟ ਹਨ। ਜਿਸ ਸਾਜ਼ ਨੂੰ ਸੁਰ-ਤਾਲ ਦਾ ਗਿਆਨ ਹੈ, ਉਹ ਸਾਜ਼, ਅਨੰਤ ਥਰਥਰਾਹਟ, ਤਰੰਗਨ ਅਥਵਾ ਕੰਮਪਨ ਦਾ ਰੂਪ ਹੀ ਹੋ ਜਾਂਦਾ ਹੈ। ਉਹ ਸਾਜ਼, ਸਾਜ਼ ਨਹੀਂ ਰਹਿੰਦਾ ਰਾਗ ਰੂਪ ਹੋ, ਅਨੰਤ ਸੁਰ-ਤਾਲ, ਅਨਹਦ ਸੁਰ-ਤਾਨ ਦਾ ਰੂਪ ਹੀ ਹੋ ਜਾਂਦਾ ਹੈ। ਉਹ ਰਾਗ ਦਾ ਰੂਪ ਅਖਵਾ ਅਨੰਤ ਨਾਲ ਮਿਲ ਰਾਗ ਦਾ ਸੋਮਾ ਬਣ ਜਾਂਦਾ ਹੈ। ਉਸਨੂੰ ਰਾਗ ਦੇ ਸੂਖਸ਼ਮ ਰੂਪ ਦਾ ਅਨੁਭਵ ਹੋ ਜਾਂਦਾ ਹੈ। ਰਾਗ ਉਸਦੇ ਅੰਦਰੋਂ ਪਰਗਟ ਹੁੰਦਾ ਹੈ ਉਸਦੇ ਅੰਦਰ ਅਨੰਤ ਚੁੱਪ ਹੁੰਦੀ ਹੈ, ਉਸ ਅਗਾਧ ਚੁੱਪ ਵਿਚੋਂ ਰਾਗ ਉਪਜਦਾ ਹੈ। ਬਾਣੀ ਬੈਖਰੀ ਰੂਪ ਧਾਰਨ ਕਰਕੇ ਪਰਗਟ ਹੁੰਦੀ ਹੈ। ਤਾਂਹਿਓ ਤਾਂ ਗੁਰੂ ਨਾਨਕ ਕਹਿ ਉੱਠਦੇ ਸਨ, ''ਮਰਦਾਨਿਆ ਛੇੜ ਤਾਰ, ਬਾਣੀ ਆਈ ਹੈ।''

ਗੁਰੂ ਨਾਨਕ ਦਾ ਅੰਗ ਅੰਗ, ਨਾੜ ਨਾੜ, ਰੋਮ ਰੋਮ, ਰਾਗ ਰੂਪ ਹੋ ਤਰੰਗਿਤ ਹੋ ਉੱਠਦਾ ਸੀ। ਉਸਦੇ ਅੰਦਰ ਰਾਗ ਵੱਜ ਰਿਹਾ ਹੁੰਦਾ ਸੀ। ਉਸਦਾ ਸਮੁੱਚਾ ਸਰੀਰ ਹੀ ਰਾਗ ਦਾ ਸਾਜ਼ ਰੂਪ ਹੁੰਦਾ ਸੀ।

ਜਿਸ ਸਮੇਂ ਮਰਦਾਨਾ, ਰਬਾਬ ਦੀ ਤਾਰ, ਗੁਰੂ ਨਨਕ ਦੀ ਦੈਵੀ ਤਾਰ ਨਾਲ ਸੁਰ ਕਰ, ਵਜਾਂਦਾ, ਤਾਂ ਗੁਰੂ ਨਾਨਕ ਬੋਲ ਚੁੱਕਦੇ

''ਉਜਲ ਕੈਹਾਂ ਚਿਲਕਣਾ ਘੋਟਮਿ ਕਾਲੜੀ ਮਸੁ''

ਧੋਤਿਆ ਜੂਠ ਨ ਉਤਰੈ, ਜੇ ਸਉ ਧੋਵਾਂ ਤਿਸ॥

ਇਹ ਦੈਵੀ ਬੋਲ, ਹਿਰਦੇ ਦੇ ਮਰੂਮੀ, ਅਦ੍ਰਿਸ਼ਟ, ਪਰਾ-ਸਥੱਲ ਤੋਂ ਉਭਰੇ, ਪਸਚੰਤੀ ਅਤੇ ਮਧਮਾ ਵਿਚੋਂ ਲੰਘਦੇ ਹੋਏ, ਬੈਖਰੀ ਬਾਣੀ ਰਾਹੀ ਉਚਾਰਣ ਕੀਤੇ ਹੋਏ, ਜਿਸ ਸਮੇਂ ਪਾਪੀ, ਅਪਰਾਧੀ, ਕਾਤਲ, ਠੱਗ, ਸਜਣ ਦੇ ਕੰਨਾਂ ਰਾਹੀ ਉਸਦੇ ਧੁਰ ਅੰਦਰ ਪਹੁੰਚੇ ਤਾਂ ਉਸਦੀ ਚੇਤਨਾ ਦੀ ਮਦਹੋਸ਼ੀ ਦੀ ਨੀਂਦ ਉਘੜੀ। ਉਸਦੀ ਹੋਸ਼, ਹੋਸ਼ ਵਿੱਚ

ਆਈ, ਜਾਗੀ, ਆਪਣੀ ਹੋਂਦ ਦੀ ਸੁਰਤਿ ਆਈ ਅਤੇ ਤੱਤ ਸੱਟ ਉਹ ਪਾਪੀ ਤੋਂ ਦੇਵਤਾ ਬਣ ਗਿਆ। ਇਉਂ ਹਿਰਦੇ ਦੇ ਧੁਰ-ਅੰਦਰੋਂ ਨਿਕਲੇ ਹੋਏ, ਬ੍ਰਹਿਮੰਡ ਨਾਲ ਇਕਸੁਰ ਹੋਏ ਹੋਏ, ਰਾਗਆਤਮਕ (harmonious) ਲੈਅ ਵਿੱਚ ਗਾਏ ਰਾਗ-ਸੁਰ-ਤਾਲ ਨੇ ਪੈਗੰਬਰ ਦਾ ਪ੍ਰਚੰਡ ਅਤੇ ਪ੍ਰਤੱਖ ਕਾਰਜ ਕਰ ਦਿਖਾਇਆ

''ਦਇਆ ਕਪਾਹ, ਸੰਤੋਖ ਸੂਤੁ ਜਤ ਗੰਡੀ ਸਤਿ ਵਟ॥
ਇਹੁ ਜਨੇਉ ਜੀਅ ਕਾ ਹਈ ਤਾ ਪਾਂਡੇ ਘਤ॥'' (ਆਸਾ ਦੀ ਵਾਰ)

ਤਲਵੰਡੀ ਦੇ ਅੰਦਰ ਰੌਣਕਾਂ ਲਗੀਆਂ ਹੋਈਆਂ ਹਨ। ਅਜ ਕਾਲੂ ਰਾਮ ਬੇਦੀ ਦੇ ਗ੍ਰਿਹਿ ਵਿਖੇ ਸ਼ਾਮਿਆਨੇ ਲੱਗੇ ਹੋਏ ਹਨ। ਸਾਰਾ ਬੇਦੀ ਖਾਨਦਾਨ ਅਤੇ ਤਲਵੰਡੀ ਦੇ ਪਤਵੰਤੇ ਸਜੇ ਹੋਏ ਹਨ। ਅਜ ਨਾਨਕ ਨੂੰ ਜਨੇਉ ਪੁਆਣਾ ਹੈ। ਇਸੇ ਲਈ ਇਹ ਇਕੱਠ ਅਤੇ ਜਸ਼ਨ ਰਚਿਆ ਗਿਆ ਹੈ। ਕੁਝ ਚਿਰ ਮਗਰੋਂ ਬਾਲ ਨਾਨਕ ਨੂੰ ਸਾਰੇ ਇਕੱਠ ਦੇ ਵਿਚਕਾਰ ਜਿੱਥੇ ਪੰਡਿਤ ਹਰਿਦਿਆਲ ਜੀ ਬੈਠੇ ਸਨ, ਲਿਆਦਾਂ ਗਿਆ। ਜਿਉਂ ਹੀ ਪੰਡਿਤ ਹਰਦਿਆਲ ਜੀ ਨੇ ਬਾਂਹ ਚੁਕੀ, ਹੱਥ ਵਿੱਚ ਧਾਗੇ ਦਾ ਜਨੇਉ ਪਕੜਿਆ ਅਤੇ ਬਾਲ ਨਾਨਕ ਨੂੰ ਅੱਗੇ ਹੋਣ ਲਈ ਕਿਹਾ ਤਾਂ ਬਾਲ ਨਾਨਕ ਦੇ ਪਰਾਂ-ਸਥੱਲ ਦੀ ਹਿਲਜੁਲ, ਅਸਾਧ ਚੁੱਪ ਵਿਚੋਂ, ਉੱਠੀ, ਪ੍ਰਚੰਡ ਜੁਆਲਾ ਦੇ ਵਾਂਗ, ਉਪਰ ਨੂੰ ਆਈ ਅਤੇ ਬੈਖਰੀ ਬਾਣੀ ਰਾਹੀ, ਰਾਗ ਆਸਾ ਵਿਚੋਂ ਉਪਰੋਕਤ ਬੋਲ ਨਿਕਲੇ। ਇਹ ਕ੍ਰਾਂਤੀ ਕਾਰੀ, ਅੰਦੋਲਨ ਭਰੇ ਬੋਲ ਸੁਣਕੇ, ਪੰਡਿਤ ਜੀ ਨੂੰ ਜਨਮ ਪਤਰੀ ਦੇ ਅੱਖਰ ਚੇਤੇ ਆਏ। ਉਨਾਂ ਨੇ ਨਾਨਕ ਨੂੰ ਨਮਸਕਾਰ ਕੀਤੀ ਅਤੇ ਪਿਤਾ ਕਾਲੂ ਨੂੰ ਕਿਹਾ, ਕਾਲੂ ਇਹ ਬਾਲਕ ਕੋਈ ਗੁਰੂ ਹੈ, ਪੀਰ ਹੈ, ਪੈਗੰਬਰ ਹੈ, ਇਸ ਨੂੰ ਮੈਂ ਧਾਗੇ ਦਾ ਜਨੇਉ ਨਹੀਂ ਪੁਆ ਸਕਦਾ।

ਗੁਰੂ ਨਾਨਕ ਉਸ ਬ੍ਰਹਿਮੰਡ ਨਾਲ ਇਕ ਸੁਰ ਸਨ, ਜਿਸ ਵਿੱਚ ਪੰਜੇ ਤਤ, ਧਰਤੀ-ਅਨੰਤ ਜੀਵਾਂ-ਜੰਤੂਆਂ, ਬ੍ਰਿਖਾਂ ਬੂਟਿਆਂ, ਨਦੀਆਂ, ਨਾਲਿਆ, ਸਾਗਰਾਂ, ਅਨੰਤ ਪਰਕਾਰ ਦੀਆਂ ਹਵਾਵਾਂ, ਝਖੜਾਂ, ਤੁਫਾਨਾਂ, ਪ੍ਰਚੰਡ . ਅਗਨੀਆਂ ਅਤੇ ਸੂਕਸ਼ਮ ਅਗਨੀਆਂ ਨਾਲ ਭਰਪੂਰ, ਆਕਾਸ਼ ਤੱਤ ਨਾਲ ਓਤ ਪੋਤ ਹੋਈ, ਸਾਰੇ ਵਿਰੋਧੀ ਤੱਤਾ ਨਾਲ ਇਕਸੁਰਤਾ (harmony) ਵਿੱਚ ਚੱਲ ਰਹੀ ਸੀ। ਸਮੱਸਤ ਤੱਤ, ਸਭ ਜੀਵ-ਜੰਤੂ, ਸਾਰੇ ਦੇਵ-ਦਾਨਵ, ਧਰਮ ਰਾਜ, ਚਿਤ੍ਰ -ਗੁਪਤ, ਈਸਰ, ਬ੍ਰਹਮਾ ਅਤੇ ਦੈਵੀ ਸ਼ਕਤੀਆਂ ਇੰਦਰ ਅਤੇ ਹੋਰ ਅਨੰਤ ਦੇਵਤੇ, ਸਿੱਧ, ਪੀਰ, ਸਾਧੂ ਜਨ, ਜਤੀ, ਸਤੀ, ਸੰਤੋਖੀ, ਬੀਰ ਬਹਾਦੁਰ ਯੋਧੇ, ਅੰਡਜ, ਜੇਰਜ, ਸੇਤਜ, ਉਚਭੁਜ, ਆਦਿ ਅਤੇ ਸਾਰੀਆਂ ਖਾਣੀਆ ਸਾਰੀਆਂ ਬਾਣੀਆਂ (Languages) , ਖੰਡ, ਮੰਡਲ ਅਤੇ ਬ੍ਰਹਿਮੰਡ ਆਦਿ ਸਭ ਗੁਰੂ ਨਾਨਕ ਨੂੰ ਉਸ ਪਾਰਬ੍ਰਹਮ ਪਰਮੇਸ਼ਰ ਜਿਸਨੇ, ਸਾਰੇ ਬ੍ਰਹਿਮੰਡਾਂ ਖੰਡਾ ਨੂੰ ਰਚਿਆ ਹੈ, ਉਸਦੇ ਗੁਣ ਗਾਂਦੇ ਸੁਨਾਈ ਦੇਂਦੇ ਸਨ। ਗੁਰੂ ਨਾਨਕ ਵੀ ਉਸ ਪਾਰ ਬ੍ਰਹਮ ਪਰਮੇਸ਼ਰ ਦੀ ਸਰਬ ਸ਼ਕਤੀਮਾਨਤਾ, ਸਮਰਥਾ ਆਦਿ ਦੇਖ ਦੇਖ ਵਿਸਮਾਦ ਹੋਇ ਹੋਇ ਕਹਿ ਉੱਠਦੇ:- ''ਕੁਦਰਤਿ ਕਵਣੁ ਕਹਾ ਵਿਚਾਰ''

ਵਾਰਿਆ ਨ ਜਾਵਾ ਏਕ ਵਾਰ॥

ਜੋ ਤੁਧੁ ਭਾਵੈ ਸਾਈ ਭਲੀਕਾਰ॥

ਤੂ ਸਦਾ ਸਲਾਮਤਿ ਨਿਰੰਕਾਰ॥ (ਜਪੁਜੀ ਸਹਿਬ)

ਗੁਣਨਵਾਦਿ, ਵਡਿਆਈਆਂ ਗਾਉਣਾ, ਪ੍ਰਭੂ ਦੀ ਮਹਿਮਾ ਕਰਨੀ, ਇਹ ਇਕਸੁਰਤਾ (harmonious), ਇਕਸਾਰਤਾ (Unity) ਅੰਦਰ ਏਕਤਾ ਅੰਦਰ ਹੀ ਹੋ ਸਕਦੀ ਹੈ। ਇਹ ਇਕਸੁਰਤਾ ਰਾਗਆਤਮਿਕ ਗਾਇਣ ਅੰਦਰ ਹੈ। ਰਾਗਆਤਮਿਕ ਚਾਲ ਅੰਦਰ ਹੀ ਹੈ। ਪਾਰ ਬ੍ਰਹਮ ਪਰਮੇਸ਼ਰ ਇੱਕ ਤੋਂ ਅਨੇਕ ਹੋਇਆ ਤਾਂ 'ਨਾਦ' ਹੋਇਆ 'ਸ਼ਬਦ' ਹੋਇਆ ਅਤੇ ਸਾਰੇ ਬ੍ਰਹਿਮੰਡਾਂ ਖੰਡਾਂ ਵਿੱਚ ਅਨੇਕਤਾ ਵਿੱਚ ਪਸਰ ਗਿਆ। ਇਸ ਅਨੇਕਤਾ ਵਿੱਚ ਏਕਤਾ ਪ੍ਰਾਪਤ ਕਰਨੀ ਹੈ। ਰਾਗਆਤਮਿਕਤਾ ਇਕ ਸਹਜਿ ਵਿਧੀ-ਵਿਧਾਨ ਹੈ। ਰਾਗਆਤਮਿਕ ਤਾਲ-ਮੇਲ, ਸੁਰ-ਤਾਨ, ਸ਼ਬਦ-ਸੂਰਤਿ, ਸਹਿਜ ਪ੍ਰਣਾਲੀ ਹੈ, ਜਿਸ ਨਾਲ ਰਾਗ ਦੇ ਖੰਭਾਂ ਉੱਤੇ ਸੁਆਰ ਹੋਕੇ, ਆਤਮਾ-ਪਰਮਾਤਮਾ ਅਨੁਰੂਪ ਹੋ ਜਾਂਦੇ ਹਨ। ਰਾਗ-ਅਨੰਤ ਰਾਗ ਵਿੱਚ ਲੀਨ ਹੋ ਜਾਂਦਾ ਹੈ। ਸ਼ਬਦ-ਪਰਾ ਸ਼ਬਦ ਅੰਦਰ ਪਸਰ ਜਾਂਦਾ ਹੈ।

ਰਾਗ ਖੁਦਾ ਦੀ ਅਵਾਜ਼ ਹੈ, ਉਸਦੀ ਸੱਦ ਹੈ, ਇਸਦਾ ਜੁਆਬ ਰੂਹ ਦੇਂਦੀ ਹੈ। ਉਹ ਜੁਆਬ ਨਿਰਵਿਕਲਪ ਸਮਾਧੀ ਦੀ ਲੀਨਤਾ ਹੈ। ਗੁਰੂ ਨਾਨਕ ਜਿਸ ਸਮੇਂ ਬਾਣੀ ਗਾਇਣ ਕਰਦੇ ਸਨ ਤਾਂ ਉਸਦੀ ਲੈਅ, ਰਾਗਾਤਮਿਕ ਤਾਨ ਸਿੱਧੀ ਰੂਹ ਅਥਵਾ ਧੁਰ ਆਤਮਾ ਨੂੰ ਟੁੰਬਦੀ ਸੀ, ਜਗਾਂਦੀ ਸੀ ਅਤੇ ਰਾਗ ਦੇ ਖੰਭਾਂ ਉੱਤੇ ਉਡਾਕੇ ਬਾਣੀ ਦੇ ਸ਼ਬਦ ਦੇ ਸਨਮੁਖ ਲੈ ਜਾਂਦੀ ਸੀ। ਸ਼ਬਦ ਦੇ ਬੋਲਾਂ ਨੂੰ ਸੁਣਦਿਆਂ ਹੀ ਜੀਵ-ਆਤਮਾ ਜਗਮਗਾ ਉਠਦੀ ਅਤੇ ਏਕਤਾ ਦੇ ਮੰਡਲ ਵਿੱਚ ਪਹੁੰਚ ਜਾਂਦੀ, ਜਿਥੇ ਕੇਵਲ ਇਕ ਨਿਰੰਕਾਰ ਹੀ ਨਿਰੰਕਾਰ ਹੈ, ਹੋਰ ਕੋਈ ਹੈ ਨਹੀਂ। ਇਹ ਨਿਰੰਕਾਰੀ ਸੱਦ ਸੀ। ਜਿਸ ਕਰਕੇ ਪੱਥਰ, ਹਥਾਂ ਵਿਚੋਂ ਡਿੱਗ ਪਏ। ਮਾਰਨ ਆਏ ਆਪ ਮਰ ਗਏ। ਨਵੀ ਜ਼ਿੰਦਗੀ ਵਿੱਚ ਜੀਉ ਪਏ, ਜਿੱਥੇ ਨਿਰੰਕਾਰ ਹੀ ਨਿਰੰਕਾਰ ਹੈ- ਨ ਕੋਈ ਹਿੰਦੂ ਹੈ, ਨ ਮੁਸਲਮਾਨ ਹੈ। ਇਹ ਨਿਰੰਕਾਰੀ ਰਾਗ ਹੈ ਨਿਰੰਕਾਰੀ ਸੱਦ ਹੈ ਨਿਰੰਕਾਰੀ ਬੋਲ ਹੈ, ਜੋ ਨਾਨਕ ਦਾ ਰੋਮ ਰੋਮ, ਲੂੰ, ਲੂੰ, ਰਾਗਾਤਮਿਕ ਤਾਨ ਵਿੱਚ ਗਾ ਰਿਹਾ ਸੀ।

ਗੁਰੂ ਨਾਨਕ ਦਾ ਸਰੀਰ ਹੀ ਰਬਾਬ ਸੀ। ਮਰਦਾਨੇ ਦੀ ਰਬਾਬ ਤਾਂ ਮਾਇਆਵੀ ਜਗਤ ਨੂੰ ਦਿਖਾਣ ਲਈ ਸੀ। ਗੁਰੂ ਨਾਨਕ ਦੀ ਰਬਾਬ ਵਿੱਚ, ਰੱਤ ਦੀ ਤਾਰ, ਸੁਆਸਾਂ ਦੀ ਤਾਰ, ਸ਼ਬਦ ਦੀ ਤਾਰ, ਸੁਰਤਿ ਦੀ ਤਾਰ ਮਨ ਦੀ ਤਾਰ ਸੀ, ਚੇਤਨ ਦੀ ਤਾਰ ਸੀ, ਭਾਵਨਾ ਦੀ ਤਾਰ ਇਹ ਸਤ ਤਾਰਾ ਸਾਜ਼ ਜਿਸ ਸਮੇਂ ਵੱਜ ਉੱਠਦਾ ਤਾਂ ਸੁੱਕੇ ਹੋਏ ਬਾਗ ਹਰੇ ਹੋ ਜਾਂਦੇ। ਰੋਗੀਆਂ ਦੇ ਰੋਗ ਦੂਰ ਹੋ ਜਾਂਦੇ। ਮੂਰਖ, ਗਿਆਨੀ ਹੋ ਜਾਂਦੇ, ਅਗਿਆਨੀਆਂ ਦੇ ਅੰਦਰ ਦਿਵਯ ਜੋਤਿ ਪਰਗਟ ਹੋ ਜਾਂਦੀ, ਸਾਧਾਰਨ ਜੀਵ, ਦੇਵਤੇ ਬਣ ਜਾਂਦੇ। ਗੁਰੂ ਨਾਨਕ ਦੇ ਰਾਗ ਅੰਦਰ ਅਨੋਖਾ ਜਾਦੂ ਅਸਰ ਸੀ

ਸਾਦਾਰਣ ਵਿਅਕਤੀ ਜਦੋਂ ਰਾਗ ਸਿੱਖਦਾ ਹੈ। ਗਾਉਂਦਾ ਹੈ, ਤਾਂ ਉਹ ਹਉਮੈ ਦੇ ਅੰਦਰ ਗਾਉਂਦਾ ਹੈ। ਉਹ ਪ੍ਰਸ਼ੰਸਾ ਕਰਾਉਣ ਲਈ, ਵਾਹਵਾ ਸੁਣਨ ਲਈ ਗਾਉਂਦਾ ਹੈ। ਇਸੇ ਲਈ ਉਸਦੇ ਅੰਦਰ ਰਾਗ ਦੇ ਜਾਦੂ ਦਾ ਅਸਰ ਨਹੀਂ ਹੁੰਦਾ, ਰਾਗ ਦੇ ਅਨੋਖੇ

ਚਮਤਕਾਰਾਂ ਦੀ ਤੋਟ ਹੁੰਦੀ ਹੈ, ਆਤਮਾ ਦੀ ਗਹਿਰਾਈ ਨਹੀਂ ਹੁੰਦੀ। ਅੰਤ੍ਰੀਵ ਲੀਨਤਾ ਦੀ ਘਾਟ ਹੁੰਦੀ ਹੈ। ਉਪਰੋਕਤ ਸੱਤੇ ਤਾਰਾਂ ਦੇ ਸਾਜ਼ ਦੇ ਵੱਜਣ ਦੀ ਥਾਂ ਅਵਾਜ਼ ਕੇਵਲ ਕੰਠ ਵਿਚੋਂ ਨਿਕਲ ਰਹੀ ਹੁੰਦੀ ਹੈ।

ਗੁਰੂ ਨਾਨਕ ਨੇ ਜਿਸ ਸਮੇਂ ਚੌਤਰਫ ਨਜ਼ਰ ਮਾਰੀ ਤਾਂ ਬੋਲ ਉੱਠੇ:-

''ਰਾਜੇ ਸ਼ੀਹ ਮੁਕਦੱਮਿ ਕੁਤੇ॥

ਜਾਏ ਜਗਾਇਨ ਬੈਠੇ ਸੁਤੇ॥''

ਰਾਜ-ਸੱਤਾ ਨੂੰ ਪਾੜ ਖਾਣੇ ਜਾਨਵਰ ਕਹਿਣ ਦੀ ਨਿਰਭੈਤਾ ਦਿਖਾਣੀ ਅਤੇ ਅਫ਼ਸਰਾਂ ਨੂੰ ਰਿਸ਼ਵਤ ਖੋਰ ਜਾਨਵਰ ਕਹਿਣਾ, ਇਹ ਕਿਸੇ ਸਾਧਾਰਣ ਵਿਅਕਤੀ ਦੇ ਬੋਲ ਨਹੀਂ ਸਨ। ਇਹ ਤਾਂ ਰਾਜਿਆਂ ਦਾ ਮਹਾਰਾਜਾ, ਜਿਹੜਾ ਰਾਜਿਆਂ ਦੇ ਉੱਪਰ ਹੋਵੇ, ਉਹੀ ਕਹਿ ਸਕਦਾ ਹੈ- ਕੋਈ ਪੀਰ, ਕੋਈ ਪੈਗੰਬਰ ਕੋਈ ਅਵਤਾਰ, ਕੋਈ ਗੁਰੂ। ਜਿਸਦੇ ਅੰਦਰ ਸੱਚ ਦਾ ਪਰਕਾਸ਼ ਹੋਵੇ, ਨਿਰਭੈਤਾ, ਨਿਰਵੈਰਤਾ ਦੀ ਅਕਿਹ ਦਲੇਰੀ ਹੋਵੇ। ਜਿਹੜਾ ਸਮੱਸਤ ਮਾਨਵਤਾ ਦਾ ਰਖਵਾਲਾ ਹੋਵੇ।

ਸ੍ਰੀ ਗੁਰੂ ਅਰਜਨ ਦੇਵ ਜੀ, ਆਪਣੀ ਮਹਾਨ ਰਚਨਾ, ''ਸੁਖਮਨੀ'' ਅੰਦਰ ਉਚਾਰਦੇ ਹਨ:-

''ਬ੍ਰਹਮ ਗਿਆਨੀ, ਅਨਾਥ ਕਾ ਨਾਥ''

ਬ੍ਰਹਮ ਗਿਆਨੀ ਕਾ ਸਭ ਉਪਰ ਹਾਥ '' (ਸੁਖਮਨੀ ਸਾਹਿਬ)

ਮਾਨਵਤਾ ਇਸ ਸਮੇਂ ਅਨਾਥ ਸੀ, ਬਿਹਬਲ ਸੀ, ਨਿਰਬਲ ਸੀ ਉਸਦਾ ਕੋਈ ਰਖਵਾਲਾ ਨਹੀਂ ਸੀ। ਗੁਰੂ ਨਾਨਕ ਉਨਾਂ ਦੇ ਰਖਵਾਲੇ ਬਣੇ। ਸਾਰੀ ਮਾਨਵਤਾ ਦੇ ਸਿਰ ਉੱਤੇ ਉਨਾਂ ਨੇ ਆਪਣਾ ਮਹਾਂ-ਬਲੀ ਹੱਥ ਰਖਿਆ। ਉਨਾਂ ਨੇ ਗਿਆਨੀਆਂ, ਵਿਦਵਾਨਾਂ, ਪੰਡਤਾਂ ਅਤੇ ਮੌਲਵੀਆਂ ਨੂੰ ਦਲੇਰੀ ਨਾਲ ਵੰਗਾਰ ਕੇ ਕਿਹਾ:-

ਛੋਡੀ ਲੇ ਪਖੰਡਾ,

ਨਾਮ ਲਈਏ ਜਾਇ ਤਰੰਦਾ॥ (ਆਸਾ ਦੀ ਵਾਰ)

ਮਾਣਸ ਖਾਣੇ ਕਰੇ ਨਿਵਾਜ॥

ਛੁਰੀ ਵਗਾਇਣ ਤਿਨ ਗਲਿ ਤਾਗ॥

ਤਿਨ ਘਰਿ ਬ੍ਰਾਹਮਣ ਪੂਰੇ ਨਾਦ॥

ਕੂੜੀ ਰਾਸ, ਕੂੜਾ ਵਾਪਾਰ॥

ਕੂੜ ਬੋਲ ਕਰੇ ਆਹਾਰ॥

ਸਰਮ ਧਰਮ ਕਾ ਡੇਰਾ ਦੂਰ॥

ਨਾਨਕ ਕੂੜ ਰਿਹਾ ਭਰਪੂਰ॥ (ਆਸਾ ਦੀ ਵਾਰ)

ਪਖੰਡ ਕਰਨਾ, ਛੁਰੀ ਚਲਾਣੀ, (ਘਾਤ ਕਰਨਾ), ਕੂੜ ਬੋਲਨਾ, ਇਹ ਸਾਰੀਆਂ, ਜੀਵਨ ਦੇ ਬੇਸੁਰੇਪਨ, ਅਥਵਾ ਸੁਰਹੀਤਾ ਦੀਆਂ ਕ੍ਰਿਆਵਾਂ ਹਨ। ਬੇਈਮਾਨੀ, ਰਿਸ਼ਵਤਖੋਰੀ, ਮੱਕਾਰੀ, ਧੋਖੇਬਾਜ਼ੀ, ਬਦਮਾਸ਼ੀ, ਆਦਿ ਸਮਾਜਕ ਜੀਵਨ ਅਤੇ ਭਾਈਚਾਰੇ ਦੇ ਪਤਨ, ਦੀਂ ਨਿਸ਼ਾਨੀਆਂ ਹਨ। ਜਿੰਨਾਂ ਵਿਚੋਂ ਸਮਾਜਕ ਜੀਵਨ ਬੇਸੁਰਤਾ, ਸੁਰਹੀਨਤਾ ਅਤੇ ਬੇਤਾਲਤਾ ਪਰਗਟ ਹੁੰਧੀ ਸੀ। ਗੁਰੂ ਨਾਨਕ ਨੇ ਰਬਾਬ ਅਤੇ ਬਾਣੀ ਦੇ ਰਾਹੀਂ, ਸਮਾਜ ਅੰਦਰ ਇਕ ਸੁਰਤਾ, ਇਕ ਸਾਰਤਾ, ਸੁਰੀਲਾਪਨ ਅਤੇ ਸਮੇਲਤਾ ਲਿਆਂਦੀ। ਇਹ ਕਾਰਜ ਬਾਣੀ ਅਤੇ ਰਾਗ ਦੁਆਰਾ ਕੀਤਾ॥

# ਗੁਰੂ ਕਾਵਿ ਵਿੱਚ ਕਾਵਿ-ਰੂਪ ਅਤੇ ਸੰਗੀਤ ਦਾ ਸੰਬੰਧ

**ਡਾ. ਜਾਗੀਰ ਸਿੰਘ**

**ਜੂਨ, 1993 ਅੰਕ ਤੋਂ ਅੱਗੇ**

ਇਸ ਤੋਂ ਪਹਿਲੇ ਅਧਿਆਇ ਵਿੱਚ ਅਸੀਂ ਗੁਰੂ ਕਵੀਆਂ ਦੇ ਕਾਵਿ ਅਨੁਭਵ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕੀਤੀ ਸੀ ਅਤੇ ਵੇਖਿਆ ਸੀ ਕਿ ਗੁਰੂ ਕਾਵਿ ਵਿੱਚ ਭਾਵ ਅਤੇ ਰਾਗ ਦੀ ਵਿਸ਼ੇਸ਼ ਸਾਂਝ ਹੈ। ਵਿਸ਼ੇਸ਼ ਭਾਵਾਂ ਅਨੁਸਾਰ ਵਿਸ਼ੇਸ਼ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਅਸੀਂ ਗੁਰੂ ਕਾਵਿ ਦੇ ਰੂਪ ਵਿਧਾਨ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤਿੰਨ ਮੁੱਖ ਭਾਗਾਂ ਵਿੱਚ ਵੰਡੀ ਹੋਈ ਹੈ:-

1. ਨਿਤਨੇਮ ਦੀ ਬਾਣੀ 2. ਰਾਗ ਬੱਧ ਬਾਣੀ 3. ਰਾਗ ਰਹਿਤ ਬਾਣੀ

ਰਾਗ ਬੱਧ ਬਾਣੀਂ ਤੋਂ ਪਹਿਲਾਂ ਜਪੁਜੀ, ਸੋਦਰੁ, ਸੋਪੁਰਖ ਅਤੇ ਸੋਹਿਲੇ ਸਿਰਲੇਖਾਂ ਵਾਲੀ ਬਾਣੀ ਰੱਖੀ ਗਈ ਹੈ। ਇਸ ਸਾਰੀਆਂ ਰਚਨਾਵਾਂ ਸਿੱਖ ਰਹਿਤ ਵਿੱਚ ਨਿਤਨੇਮ ਵਜੋਂ ਪਾਠ ਕਰਨ ਲਈ ਹਨ। ਅਤੇ ਇਹਨਾਂ ਦਾ ਪਾਠ ਅਜੇ ਵੀ ਨਿਤਨੇਮ ਵਜੋਂ ਕੀਤਾ ਜਾਂਦਾ ਹੈ।

ਰਾਗ ਬੱਧ ਬਾਣੀ ਤੋਂ ਬਾਦ ਅਜੇਹੀ ਬਾਣੀ ਮਿਲਦੀ ਹੈ ਜਿਸ ਉਪਰ ਰਾਗਾਂ ਦੇ ਸਿਰਲੇਖ ਨਹੀਂ ਮਿਲਦੇ। ਇਹਨਾਂ ਵਿੱਚੋਂ ਮੁੱਖ ਰਚਨਾਵਾਂ ਹਨ: ਸਲੋਕ ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ, ਸਵੈਯੇ, ਮੁੰਦਾਵਣੀ ਅਤੇ ਰਾਗਮਾਲਾ, ਇਹ ਰਚਨਾਵਾਂ ਭਾਸ਼ਾ ਪੱਖੋਂ ਵਿਸ਼ੇਸ਼ ਮੰਨੀਆਂ ਜਾ ਸਕਦੀਆ ਹਨ।

ਡਾ. ਧਰਮ ਪਾਲ ਮੈਣੀ ਪਹਿਲੇ ਭਾਗ ਨੂੰ ਵਿਚਾਰ ਪ੍ਰਧਾਨ ਅਤੇ ਤੀਜੇ ਨੂੰ ਅਭਿਵਿਅਕਤੀ (ਭਾਸ਼ਾ-ਸ਼ੈਲੀ) ਪ੍ਰਧਾਨ ਮੰਨਦੇ ਹਨ[1] ਅਤੇ ਵਿਚਕਾਰਲੇ ਭਾਗ ਨੂੰ ਸੰਗੀਤ ਪ੍ਰਧਾਨ ਮੰਨਦੇ ਹਨ। ਪਹਿਲੇ ਅਤੇ ਤੀਜੇ ਭਾਗ ਦੀ ਬਾਣੀ ਦਾ ਸੰਗੀਤ ਨਾਲ ਸਿੱਧਾ ਤੇ ਸਪਸ਼ਟ ਸੰਬੰਧ ਨਹੀਂ ਹੈ ਇਸ ਲਈ ਇਸ ਅਧਿਆਇ ਵਿੱਚ ਅਸੀਂ ਆਪਣਾ ਅਧਿਐਨ ਵਿਚਕਾਰਲੇ ਭਾਗ ਰਾਗ ਬੱਧ ਬਾਣੀ ਤੇ ਕੇਂਦਰਿਤ ਕਰਾਂਗੇ। ਇਸ ਭਾਗ ਦੀ ਬਾਣੀ ਰਾਗਾਂ ਅਤੇ ਕਾਵਿ ਰੂਪਾਂ ਦੀ ਵਿਸ਼ੇਸ਼ ਤਰਤੀਬ਼ ਅਨੁਸਾਰ ਸੰਕਲਿਤ ਕੀਤੀ ਗਈ ਹੈ। ਗੁਰੂ ਕਾਵਿ ਦੇ ਕਾਵਿ ਰੂਪਾਂ ਦੇ ਰੂਪ ਵਿਧਾਨ ਦੀ ਚਰਚਾ ਕਰਨ ਤੋਂ ਪਹਿਲਾਂ ਕਾਵਿ ਰੂਪ ਤੇ ਸੰਗੀਤ ਛੰਦ ਤੇ ਸੰਗੀਤ ਅਤੇ ਸ਼ਬਦਾਵਲੀ ਤੇ ਸੰਗੀਤ ਦੇ ਸਬੰਧ ਬਾਰੇ ਚਰਚਾ ਕਰਨੀ ਉਚਿਤ ਹੋਵੇਗੀ।

## ਕਾਵਿ ਰੂਪ ਅਤੇ ਸੰਗੀਤ

ਗੁਰੂ ਕਾਵਿ ਵਿੱਚ ਜਿਹੜੇ ਕਾਵਿ ਰੂਪ ਪ੍ਰਯੁਕਤ ਹੋਏ ਹਨ ਉਹਨਾਂ ਵਿੱਚੋਂ ਕੁਝ

ਸਨਾਤਨ ਕਾਵਿ ਪਰੰਪਰਾ ਨਾਲ ਸਬੰਧਤ ਹਨ ਜਿਵੇ ਪਦੇ, ਅਸ਼ਟਪਦੀਆਂ ਆਰਤੀ, ਅੰਜਲੀਆਂ, ਪੱਟੀ, ਬਾਵਨ ਅਖਰੀ ਆਦਿ ਕੁਝ ਕਾਵਿ ਰੂਪ ਲੋਕ ਗੀਤਾਂ ਦੇ ਕਾਵਿ ਰੂਪਾਂ ਅਨੁਸਾਰ ਢਲੇ ਹੋਏ ਹਨ ਜਿਵੇਂ ਘੋੜੀਆਂ, ਅਲਾਹੁਣੀਆਂ, ਛੰਤ, ਬਾਰਹਮਾਹ, ਵਾਰਾਂ ਆਦਿ ਪੰਜਾਬੀ ਲੋਕ ਗੀਤਾਂ ਅਨੁਸਾਰ ਅਤੇ ਕਾਫੀ ਮੁਸਲਮਾਨੀ ਸੂਫੀ ਕਾਵਿ ਰੂਪ ਅਨੁਸਾਰ ਰਚਿਆ ਗਿਆ ਹੈ। ਭਾਵੇਂ ਇਹਨਾਂ ਕਾਵਿ ਰੂਪਾਂ ਵਿੱਚ ਪਰੰਪਰਾ ਕਰਕੇ ਵੀ ਸੰਗੀਤ ਦੀ ਹੋਂਦ ਬਰਕਰਾਰ ਹੈ ਪਰ ਗੁਰੂ ਕਵੀਆਂ ਨੇ ਇਹਨਾਂ ਨੂੰ ਰਾਗਾਂ ਵਿੱਚ ਦਰਜ ਕਰਕੇ ਇਹਨਾਂ ਨਾਲ ਸੰਗੀਤ ਦਾ ਸੰਬੰਧ ਪੱਕੇ ਰੂਪ ਵਿੱਚ ਸਥਾਪਤ ਕਰ ਦਿੱਤਾ ਹੈ।

ਗੁਰੂ ਕਾਵਿ ਦੇ ਲੋਕ ਕਾਵਿ ਰੂਪਾਂ ਅਤੇ ਸੰਗੀਤ ਦੇ ਸੰਬੰਧ ਬਾਰੇ ਸਰਬਰੀਆਕੋਵ[2] ਦਾ ਵਿਚਾਰ ਹੈ ਕਿ ਲੋਕ ਸਾਹਿਤ ਤੋ ਪੈਦਾ ਹੋਇਆ ਇਹ ਪੰਜਾਬੀ ਸਾਹਿਤ, ਸਾਹਿਤ ਰੂਪਾਂ ਦੇ ਦ੍ਰਿਸ਼ਟੀਕੋਣ ਤੋਂ ਬੜੀ ਵਿਸ਼ੇਸ਼ ਦਿੱਖ ਰੱਖਦਾ ਸੀ। ਨਾਲੇ ਸਾਹਿਤ-ਰੂਪ ਦਾ ਸੰਕਲਪ ਹੀ ਬਹੁਤ ਵੱਖਰਾ ਸੀ, ਇਹ ਤੁਕਾਂ ਦੇ ਰੂਪ ਨਾਲ ਜੋੜਿਆ ਜਾਂਦਾ ਸੀ ਜਿਹੜਾ ਕੁਝ ਵਿਸ਼ਿਆਂ ਉਤੇ ਰੁਚੀਆਂ ਜਾਣ ਵਾਲੀਆਂ ਕਿਰਤਾਂ ਲਈ ਪਰੰਪਰਾਗਤ ਬਣ ਗਿਆ। ਇੱਕ ਖਾਸ ਵਰਤਾਰਾ ਜਿਹੜਾ ਸ਼ਾਇਦ ਮੁੱਢਲੀ ਸੁਮੇਲ ਵਿਧੀ ਦਾ ਪ੍ਰਗਟਾਅ ਸੀ, ਰਾਗਾਂ ਦੀ ਪ੍ਰਣਾਲੀ, ਭਾਵ ਕਿਸੇ ਕਿਰਤ ਦੀ ਸੰਗੀਤਕ ਤਾਲ ਤੇ ਭਾਵਕ ਬਣਤਰ ਨੂੰ ਪੇਸ਼ ਕਰਦੀਆਂ ਪ੍ਰਕਾਰਾਂ ਦੀ ਪ੍ਰਣਾਲੀ ਸੀ।

ਜਿਵੇਂ ਕਿ ਅਸੀਂ ਪਹਿਲਾਂ ਵੇਖ ਚੁਕੇ ਹਾਂ ਕਿ ਗੁਰੂ ਕਾਵਿ ਵਿੱਚ ਪ੍ਰਯੁਕਤ ਕਈ ਕਾਵਿ-ਰੂਪ ਲੋਕ ਕਾਵਿ ਰੂਪਾਂ ਦੇ ਅਨੁਸਾਰੀ ਹਨ। ਲੋਕ ਕਾਵਿ ਤੇ ਸੰਗੀਤ ਦਾ ਬੜਾ ਨੇੜਲਾ ਸੰਬੰਧ ਹੈ ਕਿਉਂਕਿ ਲੋਕ-ਕਾਵਿ ਆਮ ਤੌਰ ਤੇ ਗਾਉਣ ਲਈ ਹੀ ਰਚਿਆ ਜਾਂਦਾ ਹੈ ਜਾਂ ਇੰਜ ਕਹਿ ਲਈਏ ਕਿ ਇਹ ਕਾਵਿ ਗਾਉਂਦਿਆਂ-ਗਾਉਂਦਿਆਂ ਹੀ ਰਚਿਆ ਜਾਂਦਾ ਹੈ। ਭਾਰਤੀ ਸੰਗੀਤ ਦੇ ਬਹੁਤੇ ਰਾਗ ਲੋਕ-ਗੀਤਾਂ ਦੀਆਂ ਧੁਨਾਂ ਤੋਂ ਹੀ ਬਣੇ ਹਨ। ਕਈ ਰਾਗਾਂ ਦੇ ਨਾਂ ਕਿਸੇ ਖਾਸ ਸਥਾਨ ਜਾਂ ਜਾਤੀ ਨਾਲ ਸੰਬੰਧਤ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇੱਕ ਵਿਸ਼ੇਸ਼ ਰਾਗ ਉਸ ਵਿਸ਼ੇਸ਼ ਜਾਤੀ ਜਾਂ ਸਥਾਨ ਨਾਲ ਸੰਬੰਧ ਰਖਦਾ ਹੈ। ਕੁਝ ਰਾਗਾਂ ਬਾਰੇ ਤਾਂ ਇਹ ਸੰਕੇਤ ਸਪਸ਼ਟ ਰੂਪ ਵਿੱਚ ਮਿਲਦੇ ਹਨ:-

ਮਾਝ ਰਾਗ ਬਾਰੇ ਅਸੀਂ ਦੱਸ ਚੁੱਕੇ ਹਾਂ ਕਿ ਇਹ ਰਾਗ ਮਾਝੇ ਦੇ ਇਲਾਕੇ ਨਾਲ ਸੰਬੰਧਤ ਕੀਤਾ ਜਾਂਦਾ ਹੈ। ਕੁਝ ਵਿਦਵਾਨ ਇਸ ਨੂੰ ਮੱਧ ਪ੍ਰਦੇਸ ਦਾ ਰਾਗ ਵੀ ਕਹਿੰਦੇ ਹਨ।[3] ਪੰਜਾਬੀ ਵਿੱਚ 'ਮਾਝਾਂ' ਨਾਂ ਦਾ ਇੱਕ ਕਾਵਿ ਰੂਪ ਵੀ ਉਪਲਭਦ ਹੈ।

ਗਉੜੀ ਨੂੰ ਗਉੜ ਦੇਸ਼ ਨਾਲ ਸੰਬੰਧਤ ਕੀਤਾ ਜਾਂਦਾ ਹੈ। ਗੌੜ ਹਾਰ ਨਾਮਕ ਇੱਕ ਲੋਕ ਗੀਤ ਸ਼ੈਲੀ ਦਾ ਰੂਪ ਵੀ ਮਿਲਦਾ ਹੈ।[4] ਕੁਝ ਹੋਰ ਰਾਗਾਂ ਅਤੇ ਉਹਨਾਂ ਦੇ ਇਲਾਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ:-

ਗੁਜਰੀ-- ਗੁਜਰਾਤ ਜਾਂ ਗੁਰਜਰ ਦੇਸ਼ ਦਾ
ਸੋਰਠ-- ਸੋਰਠ ਜਾਂ ਸੁਰਾਸ਼ਟਰ ਦੇਸ਼ ਦਾ
ਮਾਰੂ-- ਮਾਰੂ ਦੇਸ ਜਾਂ ਰਾਜਸਥਾਨ ਦਾ
ਕਾਨੜਾ-- ਕੰਨੜ ਦੇਸ ਦਾ
ਤਿਲੰਗ-- ਤਿਲੰਗਾਨਾ ਦੇਸ ਦਾ

ਬੈਰਾੜੀ-- ਬੈਰਾੜ ਦੇਸ ਦਾ
ਟੋਡੀ-- ਟੋਡਾ ਜਾਤੀ ਦਾ
ਗ੍ਰੌਂਡ-- ਗੋਂਡਾ ਜਾਤੀ ਦਾ

ਇਸੇ ਤਰ੍ਹਾਂ ਰਾਗ ਆਸਾ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਗ ਬਣਨ ਤੋਂ ਪਹਿਲਾਂ ਪੰਜਾਬ ਦੇ ਇਲਾਕੇ ਦੀ ਇੱਕ ਲੋਕ ਧੁਨ ਸੀ[5]।

ਰਾਗ ਧਨਾਸਰੀ ਬਾਰੇ ਪ੍ਰਸਿੱਧ ਹੈ ਕਿ ਫਸਲ ਕੱਟਣ ਵੇਲੇ ਇਹ ਰਾਗ ਗਾਇਆ ਜਾਂਦਾ ਹੈ। ਇਸ ਨੂੰ 'ਅੰਨ ਦੀ ਬਹੁਲਤਾ' ਦਾ ਰਾਗ ਵੀ ਕਿਹਾ ਜਾਂਦਾ ਹੈ।[6] ਇਸ ਤਰ੍ਹਾਂ ਇਹ ਰਾਗ ਵੀ ਲੋਕ੍ਰ ਧਾਰਨਾ ਦੇ ਨੇੜੇ ਪੁੱਜ ਜਾਂਦਾ ਹੈ। ਸਾਰੰਗ ਰਾਗ ਤੇ ਅਨੇਕਾਂ ਲੋਕ ਗੀਤਾਂ ਦੀਆਂ ਧੁਨਾਂ ਅਧਾਰਿਤ ਹਨ। ਚਰਵਾਹਿਆਂ ਦੀ ਵੰਝਲੀ ਅਤੇ ਸਪੇਰਾ ਬੀਨਾਂ ਉੱਤੇ ਇਸ ਰਾਗ ਦੀਆਂ ਮਧੁਰ ਸੁਰਾਂ ਵਾਲੀਆਂ ਧੁਨਾਂ ਸੁਣਾਈ ਦਿੰਦੀਆਂ ਹਨ।[7] ਮਲਾਰ ਖੁਸ਼ੀ ਦੇ ਗੀਤਾਂ ਨੂੰ ਵੀ ਕਿਹਾ ਜਾਂਦਾ ਹੈ ਅਤੇ ਇਹ ਇਕ ਰਾਗ ਵੀ ਹੈ। ਸੋ ਲੋਕ ਕਾਵਿ ਅਤੇ ਸੰਗੀਤ ਆਪਸ ਵਿੱਚ ਅੰਤਰ ਸੰਬੰਧਤ ਕਹੇ ਜਾ ਸਕਦੇ ਹਨ।

ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪ ਵੀ ਕਾਫੀ ਹੱਦ ਤਕ ਲੋਕਿਕ ਗਾਇਨ ਸ਼ੈਲੀਆਂ ਤੋਂ ਪ੍ਰਭਾਵਿਤ ਹੋ ਕੇ ਰਚੇ ਗਏ ਹਨ। ਡਾ: ਕਰਨੈਲ ਸਿੰਘ ਬਿੰਦ[8] ਅਨੁਸਾਰ ਲੋਕਿਕ ਗਾਇਨ ਸ਼ੈਲੀਆਂ ਤੋਂ ਭਾਵ ਅਜਿਹੀਆਂ ਧੁਨਾਂ, ਤਰਜ਼ਾਂ, ਤਾਲ ਤੋ ਬਹਿਰਾਂ ਹਨ ਜਿਹਨਾਂ ਨੂੰ ਲੋਕ ਗੀਤਾਂ ਵਿੱਚ ਲੈ ਕੇ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਦਾ ਆਧਾਰ ਬਣਾਇਆ ਹੈ। ਕੁਝ ਗੁਰੂ ਕਵੀਆਂ ਰਾਹੀਂ ਰਚੇ ਕਾਵਿ-ਰੂਪਾਂ ਜਿਵੇਂ-ਕਾਫੀਆਂ, ਛੰਤ, ਆਲਾਹੁਣੀਆਂ, ਵਾਰਾਂ, ਘੋੜੀਆਂ, ਬਿਰਹੜੇ ਆਦਿ ਵਿੱਚ ਵਿਸ਼ੇ ਦੀ ਵਿਲੱਖਣਤਾਂ ਦੇ ਬਾਵਜੂਦ ਲੋਕ ਗੀਤਾਂ ਦਾ ਸੰਗੀਤਕ ਪੱਖ ਕਾਇਮ ਰਹਿੰਦਾ ਹੈ।

ਇਹਨਾਂ ਕਾਵਿ ਰੂਪਾਂ ਵਿੱਚ ਲੁਕੀ ਹੋਈ ਲੋਕ ਗੀਤਾਂ ਦੀ ਆਤਮਾ ਲੋਕ ਸੰਗੀਤ ਦੇ ਰੂਪ ਵਿੱਚ ਉਜਾਗਰ ਹੁੰਦੀ ਹੈ। ਇਹ ਕਵਿਤਾਵਾਂ ਲੋਕ ਗੀਤਾਂ ਦੀਆਂ ਧਾਰਨਾਵਾਂ ਵਿੱਚ ਹਨ ਅਤੇ ਹਰ ਰੂਪ ਆਪਣੇ ਆਪ ਵਿੱਚ ਇੱਕ ਗਾਇਨ ਸ਼ੈਲੀ ਦਾ ਲਖਾਇਕ ਹੈ। ਇਸ ਤਰ੍ਹਾਂ ਇਹਨਾਂ ਕਾਵਿ ਰੂਪਾਂ ਦਾ ਸੰਗੀਤ ਨਾਲ ਬੜਾ ਨੇੜਲਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ।

**ਛੰਦ ਅਤੇ ਸੰਗੀਤ**:-

ਜਿਥੇ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪ ਸੰਗੀਤ ਨਾਲ ਸੰਬੰਧਤ ਹਨ ਉਥੇ ਇਹਨਾਂ ਕਾਵਿ ਰੂਪਾਂ ਦਾ ਅੰਦਰੂਨੀ ਛੰਦ ਵੀ ਸੰਗੀਤ ਦੇ ਤੱਤਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰੂ ਕਾਵਿ ਵਿੱਚ ਪ੍ਰਯੁਕਤ ਛੰਦਾਂ ਬਾਰੇ ਬੜਾ ਵਾਦ ਵਿਵਾਦ ਪ੍ਰੱਚਲਤ ਰਿਹਾ ਹੈ। ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ, ''ਕਈ ਗਿਆਨੀ ਆਖਦੇ ਅਤੇ ਲਿਖਦੇਂ ਵੀ ਹਨ ਕਿ ਗੁਰਬਾਣੀ ਛੰਦ ਤੋਂ ਬਾਹਰ ਹੈ, ਪਰੰਤੂ ਇਹ ਉਹਨਾਂ ਦੀ ਭੁੱਲ ਹੈ, ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਸਾਰੇ ਛੰਦਾਂ ਦੇ ਰੂਪ ਨਹੀਂ ਜਾਣਦੇ।''[9] ਸੰਤ ਸਿੰਘ ਸੇਖੋਂ ਇਸ ਸੰਬੰਧ ਵਿੱਚ ਲਿਖਦੇ ਹਨ, ''ਕਈ ਲੋਕ ਇਹ ਕਹਿ ਦੇਂਦੇ ਹਨ ਕਿ ਗੁਰਬਾਣੀ ਛੰਦ ਦੀ ਨਹੀਂ ਅਥਵਾ ਸੰਗੀਤ ਦੀ ਲੋੜ ਅਨੁਸਾਰ ਸੂਤਰ ਬੱਧ ਕੀਤੀ ਹੋਈ ਹੈ, ਪਰ ਇਸ ਕੱਥਨ ਦੇ ਕੋਈ ਅਰਥ ਨਹੀ। ''ਅੱਗੇ ਜਾ ਕੇ ਆਪ ਲਿਖਦੇ ਹਨ?''

ਗੁਰਬਾਣੀ ਉਸੇ ਪ੍ਰਮਾਣਿਕ ਛੰਦ ਪ੍ਰਬੰਧ ਦੇ ਅਨੁਸਾਰ ਰਚੀ ਹੋਈ ਹੈ, ਜਿਸ ਅਨੁਸਾਰ ਇਸ ਤੋਂ ਕੋਈ ਪੁਰਾਣੀ ਭਾਰਤੀ ਰਚਨਾ ਜਾਂ ਪਿਛਲੇਰੀ ਕਵਿਤਾ। ਜੇ ਕੁਝ ਭੇਦ ਹੈ ਤਾਂ ਉਹਨਾਂ ਖੁੱਲ੍ਹਾਂ ਵਿੱਚ ਹੈ ਜੋ ਛੰਦ ਪ੍ਰਬੰਧ ਵਿੱਚ ਰਹਿੰਦੇ ਹੋਏ ਗੁਰਬਾਣੀ ਦੇ ਰਚਤਾ ਮਾਣਦੇ ਹਨ। ਇੱਕ ਹੱਦ ਤੱਕ ਇਹ ਖੁਲ੍ਹਾਂ ਅਸਾਡੇ ਲੋਕ-ਗੀਤਾਂ ਦੇ ਸੁਭਾਵ ਅਨੁਸਾਰ ਹਨ ਅਤੇ ਇਹ ਗੱਲ ਨਿਸਚਿਤ ਪ੍ਰਤੀਤ ਹੁੰਦੀ ਹੈ ਕਿ ਗੁਰਬਾਣੀ ਦੀਆਂ ਛੰਦ ਬੰਦੀ ਦੀਆਂ ਖੁੱਲ੍ਹਾਂ ਲੋਕ-ਗੀਤਾਂ ਦੀਆਂ ਖੁੱਲ੍ਹਾਂ ਹੀ ਹਨ। ਜਾਂ ਇਉ ਕਹਿਣਾ ਚਾਹੀਦਾ ਹੈ ਕਿ ਜਿਥੇ ਗੁਰਬਾਣੀ ਦਾ ਪਿੰਜਰ ਛੰਦ ਦਾ ਹੈ, ਉਥੇ ਇਸ ਨੇ ਲੋਕ ਗੀਤਾਂ ਦੇ ਸੁਭਾਵ ਅਨੁਸਾਰ ਕੁੱਝ ਖੁੱਲ੍ਹਾਂ ਵੀ ਲਈਆਂ ਹਨ।[10] "ਡਾਕਟਰ ਸੁਰਿੰਦਰ ਸਿੰਘ ਕੋਹਲੀ ਗੁਰੂ ਕਵੀਆਂ ਰਾਹੀ ਛੰਦ ਵਿੱਚ ਲਈਆਂ ਖੁੱਲ੍ਹਾਂ ਨੂੰ ਵਿਸ਼ੇ ਨਾਲ ਸੰਬੰਧਤ ਕਰਦਿਆਂ ਲਿਖਦੇ ਹਨ, ਲੋਕ-ਕਾਵਿ ਧਾਰਾ ਨੂੰ ਅਪਨਾਉਣ ਕਾਰਨ ਉਨ੍ਹਾਂ ਨੇ ਛੰਦ ਦੀ ਥਾਂ ਵਿਸ਼ੇ ਦਾ ਵਧੀਕ ਖਿਆਲ ਰਖਿਆ ਹੈ।[11] "ਪਿਆਰਾ ਸਿੰਘ ਪਦਮ[12] ਗੁਰੂ ਕਾਵਿ ਦੀ ਸੰਗੀਤਕਤਾ ਉਪਰ ਜ਼ੋਰ ਦਿੰਦਿਆਂ ਦਸਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀਆਂ ਨੇ ਲੋਕ-ਸੰਗੀਤ ਦੇ ਛੰਦਾਂ ਨੂੰ ਅਪਣਾਇਆ ਹੈ। ਇਸ ਕਰਕੇ ਇਨ੍ਹਾਂ ਦੇ ਕਾਵਿ ਰੂਪਾਂ ਦਾ ਛੰਦ ਕੇਵਲ ਵਰਣਾਂ ਦੇ ਮਾਤ੍ਰਾ ਦੀ ਗਿਣਤੀ ਤੇ ਅਧਾਰਤ ਨਹੀਂ ਸਗੋਂ ਇਹ ਸੰਗੀਤਕ ਲੈਅ ਦੇ ਆਸਰੇ ਚਲਦੇ ਹਨ। ਕੱਸ ਕੇ ਗਿਣਿਆਂ ਸ਼ਾਇਦ ਇੱਕ ਦੋ ਮਾਤਰਾ ਵੱਧ ਘਟ ਵੀ ਹੋ ਜਾਣ ਪਰ ਸੰਗੀਤਕ ਲੈਅ ਦਾ ਪੱਲਾ ਕਿਤੇ ਵੀ ਨਹੀਂ ਛਡਿਆ ਗਿਆ। ਨਾਲੇ ਆਦਿ ਗ੍ਰੰਥ ਕੇਵਲ ਛੰਦ ਬੱਧ ਹੀ ਨਹੀਂ ਸੰਗੀਤ ਬੱਧ ਵੀ ਹੈ, ਇਸ ਕਰਕੇ ਇਸ ਦੇ ਛੰਦ ਵਧੇਰੇ ਗੀਤਾਂ ਵਾਲੇ ਹਨ ਜੋ ਬਾਰ ਬਾਰ ਗੁਣਗੁਣਾਏ ਤੇ ਗਾਏ ਜਾ ਸਕਦੇ ਹਨ। ਇਸ ਤਰ੍ਹਾਂ ਇਹ ਕਾਵਿ ਲੋਕ-ਕਾਵਿ ਦੇ ਛੰਦਾਂ ਤੇ ਅਧਾਰਤ ਹੈ।

## ਹਵਾਲੇ


1. ਧਰਮਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪਰਿਚਯ, ਪੰਨਾਂ 50
2. ਸਰਬਰੀਆਕੋਵ, "ਗੁਰੂ ਨਾਨਕ ਦਾ ਸਾਹਿਤਿਕ ਵਿਰਸਾ" ਪੰਨਾਂ 86
3. ਸੀਤਾ ਬਿਸ਼ਰਾਓ, "ਨਿਰਗੁਣ ਕਾਵਿਯ ਮੇਂ ਸੰਗੀਤ ਤਤਵ (ਅਣਛਪਿਆ ਥੀਸਿਸ) ਕੁਰਕਸ਼ੇਤਰ ਯੂਨੀਵਰਸਿਟੀ ਪੰਨਾਂ 201
4. ਵਿਮਲਾ ਕਾਂਤ ਚੌਧਰੀ, ਭਾਰਤੀਯ ਸੰਗੀਤ ਕੋਸ਼ ਪੰਨਾਂ 10
5. ਤਾਰਾ ਸਿੰਘ (ਪ੍ਰੋ.) ਗੁਰੂ ਤੇਗ ਬਹਾਦਰ ਰਾਗ ਰਤਨਾਵਲੀ ਪੰਨਾਂ 33
6. ਪ੍ਰਗਿਆਨਾ ਨੰਦ (ਸੁਆਮੀ) ਕਾਫ਼ੀ ਥਾਟ ਕਾ ਰਾਗ 'ਧੰਨਸੀ' ਸੰਗੀਤ (ਮਾਸਿਕ) ਜਨਵਰੀ 1958 ਪੰਨਾਂ 3233
7. ਪ੍ਰੋ. ਤਾਰਾ ਸਿੰਘ, ਸ੍ਰੀ ਗੁਰੂ ਅਮਰ ਦਾਸ ਰਤਨਾਵਲੀ ਪੰਨਾਂ 100
8. ਕਰਨੈਲ ਸਿੰਘ ਥਿੰਧ, ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ ਪੰਨਾਂ 155
9. ਕਾਹਨ ਸਿੰਘ ਨਾਭਾ, ਗੁਰੂ ਛੰਦ ਦਿਵਾਕਰ ਪੰਨਾਂ 2526
10. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ ਪੰਨਾਂ 65
11 ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਨਾਂ 142
12. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਦਰਸ਼ਨ ਪੰਨਾਂ 316

# ਨਵੇਂ ਸਾਜ਼ਾਂ ਦਾ ਸਿਰਜਣਹਾਰ : ਅੱਛਰ ਸਿੰਘ

ਪੰਜਾਬ ਦੀ ਮਰਦਮ ਖੇਜ਼ ਮਿੱਟੀ ਨੇ ਸਮੇਂ ਸਮੇਂ- ਸਿਰ ਨਾ ਸਿਰਫ ਵੱਡੇ ਤੋਂ ਵੱਡੇ ਨਿਧੜਕ ਸੂਰਮਿਆਂ ਨੂੰ ਹੀ ਜਨਮ ਦਿੱਤਾ, ਸਗੋਂ ਅਨੇਕ ਸਾਜ਼ਕਾਰਾਂ ਨੂੰ ਵੀ, ਜਿਨ੍ਹਾਂ ਨੇ ਭਾਰਤ ਦੇ ਅਮੀਰ ਸਭਿਆਚਾਰਕ ਵਿਰਸੇ ਵਿਚ ਮਹੱਤਵਪੂਰਨ ਹਿੱਸਾ ਪਾਇਆ। ਪ੍ਰਾਚੀਨ ਕਾਲ ਵਿਚ ਏਥੇ ਦੇ ਇਕ ਗੰਧਰਵ 'ਤੰਬੂਰ' ਨੇ ਤੰਬੂਰ ਜਾਂ ਤਾਨਪੂਰਾ ਬਣਾਇਆ, ਮਧਕਾਲ ਵਿਚ ਰੱਬੀ ਬਾਣੀ ਦੇ ਪ੍ਰਚਾਰ ਲਈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਫਿਰੰਦਾ ਜੀ ਤੋਂ ਰਬਾਬ ਤਿਆਰ ਕਰਵਾਈ।

ਇਹ ਤਾਂ ਪੁਰਾਣੇ ਸਮਿਆਂ ਦੀਆਂ ਗੱਲਾਂ ਹਨ। ਇਸ ਸਦੀ ਵਿਚ ਪੰਜਾਬੀਆਂ ਨੇ ਜਿਹੜੇ ਜਿਹੜੇ ਕੁਝ ਨਵੇਂ ਸਾਜ਼ਾਂ ਦਾ ਆਵਿਸ਼ਕਾਰ ਕੀਤਾ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ= ਉਸਤਾਦ ਮਮਣ ਖਾਂ ਨੇ ਸੁਰਸਾਗਰ, ਬੁੰਦੂ ਖਾਂ ਨੇ ਇਕ ਨਵੀਂ ਕਿਸਮ ਦੀ ਸਾਰੰਗੀ (ਜਿਹੜੀ ਅਜਕਲ ਕਰਾਚੀ ਮਿਊਜ਼ੀਅਮ ਵਿਚ ਸੁਰਖਿਅਤ ਹੈ) ਅਤੇ ਪਿਆਰਾਸਿੰਘ ਨੇ ਤਾਰ ਸ਼ਹਿਨਾਈ। ਆਦਿ। ਇਨ੍ਹਾਂ ਕਲਾਕਾਰਾਂ ਨੇ ਆਪਣੇ ਆਪਣੇ ਸਮੇਂ ਇਕ ਅੱਧ ਨਵਾਂ ਸਾਜ਼ ਈਜਾਦ ਕੀਤਾ, ਪਰ ਇਸ ਗੱਲ ਨੂੰ ਕੁਦਰਤ ਦਾ ਕ੍ਰਿਸ਼ਮਾ ਸਮਝ ਲਓ, ਜਾਂ ਕੁਝ ਹੋਰ, ਸ. ਅੱਛਰ ਸਿੰਘ ਜੀ ਨੇ ਆਪਣੇ ਜੀਵਨੇ ਵਿਚ ਤਿੰਨ ਨਵੇਂ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਪਿਛਲੀ ਸਦੀ ਸਿਸਕੀਆਂ ਲੈਣ ਤੇ ਆਈ ਹੋਈ ਸੀ ਕਿ ਆਪ ਦਾ ਜਨਮ ਜਲੰਧਰ ਜ਼ਿਲੇ ਦੇ ਪਿੰਡ ਚਿੱਟੀ ਵਿਖੇ ਹੋਇਆ ਆਪ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਸਨ ਅਤੇ ਮਠਾਰੂ ਗੋਤ ਦੇ ਮਾਣਯੋਗ ਚਸ਼ਮੋ ਚਿਰਾਗ। ਬਚਪਨ ਤੋਂ ਹੀ ਆਪ ਨੂੰ ਸੰਗੀਤ ਨਾਲ ਬੇਹੱਦ ਲਗਨ ਸੀ, ਇਸ ਲਈ ਪੰਜਾਬ ਦੇ ਸੁਪ੍ਰਸਿੱਧ ਧਰੁਪਦੀਏ ਮੁਹੰਮਦ ਬਖਸ਼ ਬਸੀਵਾਲੇ ਜ਼ਿਲਾ ਹੁਸ਼ਿਆਰਪੁਰ ਦੇ ਸ਼ਾਗਿਰਦ ਹੋ ਗਏ।

ਇਹ ਸਦੀ ਚੜਨ ਨਾਲ ਹਰਿਵਲਭ ਸੰਗੀਤ ਸੰਮੇਲਨ ਦੀ ਦੇਸ਼ ਭਰ ਵਿਚ ਬੜੀ ਚੜਤ ਹੋ ਚੁੱਕੀ ਸੀ, ਇਸ ਲਈ ਇਸਦੇ ਪਹਿਲੇ ਸਾਲਾਂ ਤੋਂ ਹੀ, ਖਾਸ ਕਰਕੇ 1906 ਤੋਂ, ਆਪ ਨੇ ਉਥੇ ਜਾ ਕੇ, ਵੱਡੇ ਤੋਂ ਵੱਡੇ ਕਲਾਕਾਰ ਨੂੰ ਕੰਨ ਲਾ ਕੇ ਸੁਣਨਾ ਸ਼ੁਰੂ ਕਰ ਦਿੱਤਾ । ਕਿਉਂਕਿ ਸ੍ਰੀਰਕ ਸਿਖਿਆ ਦਾ ਸ਼ੌਕ ਸੀ, ਇਸ ਲਈ ਤੜਕਸਾਰ ਉੱਠਦੇ, ਡੰਡ ਬੈਠਕਾਂ ਪੇਲਦੇ, ਤੇਲ ਮਾਲਸ਼ ਕਰਕੇ, ਨਹਾਉਂਦੇ ਧੋਂਦੇ ਅਤੇ ਸੰਗੀਤ ਦੀ ਇਬਾਦਤ ਸ਼ੁਰੂ ਹੋ ਜਾਂਦੀ। ਤਲਵੰਡੀ ਮਲੀਆਂ (ਕਰਤਾਰਪੁਰ ਨੇੜੇ)ਦੇ ਪ੍ਰਸਿੱਧ ਢਾਡੀ ਮਾਸਟਰ ਨਾਥ ਨਾਲ ਜ਼ੰਜੀਰ-ਪਾ ਮੁਹਬੱਤ ਸੀ, ਇਸ ਲਈ ਉਨ੍ਹਾਂ ਦਾ ਇਹ ਦੋਸਤਾਨਾ ਸਾਰੀ ਉਮਰ ਤੱਕ ਨਿਭਿਆ। ਆਪਣੇ ਉਸਤਾਦ ਦੀ ਸਲਾਹ ਤੇ ਜਾਂ ਬੋਹਣ ਪੱਟੀਏ ਬਾਬਾ ਮਲੰਗ ਖਾਂ ਤਬਲਾ ਨਵਾਜ਼ ਦੀ ਮੁਹਬੱਤ ਦਾ ਸਦਕਾ (ਕਿਉਂਕਿ ਉਨ੍ਹਾਂ ਆਪ ਵੀ ਉਥੇ ਹਿਕਮਤ ਦੀ ਦੁਕਾਨ ਪਾਈ ਹੋਈ ਸੀ) ਸੰਗੀਤ ਦੇ ਸਾਜ਼ਾਂ ਦੀ ਇਕ ਦੁਕਾਨ ਪਹਿਲਾਂ ਹੁਸ਼ਿਆਰਪੁਰ, 1918 ਵਿਚ ਜਲੰਧਰ ਵਿਖੇ ਸਾਜ਼ ਮੁਰੰਮਤ ਕਰਨ ਦੀ ਦੁਕਾਨ ਖੋਲੀ, ਦਿੱਲੀ ਵਿਚ ਵੀ ਕਾਫੀ

ਰਹੇ, ਅਤੇ 1952 ਵਿਚ ਫਿਰ ਜਲੰਧਰ ਆਪਣੇ ਸ਼ਹਿਰ ਪੱਕੇ ਤੋਰ ਤੇ ਰਹਿਣ ਲੱਗ ਪਏ। ਇਹ ਗੱਲ ਬਗੈਰ ਕਿਸੇ ਝਿਜਕ ਦੇ ਆਖੀ ਜਾ ਸਕਦੀ ਹੈ ਕਿ ਜਲੰਧਰ ਵਿਚ ਅੱਜ ਜਿੰਨੇ ਵੀ ਸਾਜ਼ ਬਣਾਉਣ ਵਾਲੇ ਜਾਂ ਮੁਰਮੱਤ ਕਰਨ ਵਾਲੇ ਹਨ, ਉਹ ਸੱਭ ਉਨ੍ਹਾਂ ਦੇ ਹੀ ਸਾਗਿਰਦ ਹਨ।

ਇਸ ਸਦੀ ਦੇ ਸ਼ੁਰੂ ਵਿੱਚ ਭਾਈ ਛੈਲਾ ਪਟਿਆਲਾ ਵਾਲੇ ਦਾ ਬਹੁਤ ਨਾਂ ਸੀ। ਉਸ ਨੇ ਇਹ ਕੰਮ ਕੀਤਾ ਸੀ ਕਿ ਗੰਭੀਰ ਸ਼ਾਸਤ੍ਰੀ ਰਾਗਦਾਰੀ, ਨੀਮ-ਕਲਾਸੀਕਲ ਅੰਗ ਨੂੰ ਪ੍ਰੀਚਯਤ ਕਰਵਾਇਆ, ਜਿਹੜਾ ਉਨ੍ਹਾਂ ਸਮਿਆਂ ਚ ਬੜਾ ਮਕਬੂਲ ਹਇਆ ਉਸਦੀ ਦੇਖਾ ਦੇਖੀ, ਉਨ੍ਹੀ ਦਿਨੀਂ ਆਪ ਨੇ ਵੀ ਐਚ.ਐਮ.ਵੀ. ਦੁਆਰਾ ਚੋਦਾਂ, ਪੰਦਰਾਂ ਤਵੇ ਰੀਕਾਰਡ ਕਰਵਾਏ ਜਿਹੜੇ ਅੱਜ ਵੀ ਲਾਹੋਰ ਦੇ ਇਕ ਪਰਿਵਾਰ ਕੋਲ ਬੰਗਲਾ ਮਿਹਰ ਇਨਾਇਤ ਗੜੀ ਸ਼ਾਹੂ ਵਿੱਚ ਬੜੀ ਸ਼ਰਧਾ ਨਾਲ ਸਾਂਭੇ ਪਏ ਹਨ। ਇਹ ਭਾਵੇਂ ਹਲਕੇ ਫੁਲਕੇ ਅੰਗ ਦੇ ਹੀ ਗਾਣੇ ਸਨ,ਪਰ ਵਿੱਚ ਵਿੱਚ ਬੜੇ ਲੋਕ-ਪ੍ਰਿਯੇ ਹੋਏ।

1940 ਦੇ ਨੇੜੇ—ਜਾਪਾਨੀ ਜ਼ੁਬਾਨ ਵਿੱਚ ਜਿਸਨੂੰ ਟੈਸੋ ਕੋਟੋ ਆਖਦੇ ਸਨ, ਖਿਲੌਣੇ ਦੀ ਸ਼ਕਲ ਦੀ ਆਉਂਦੀ ਸੀ, ਉਸਤੇ ਮਿਹਨਤ ਕਰਕੇ ਹਾਰਮੋਨੀਅਮ ਟਾਈਪ ਦੇ ਪਰਦੇ ਲਗਾ ਕੇ, ਕਵਾਲਾਂ ਲਈ ਤਿਆਰ ਕੀਤਾ ਅਤੇ ਇਸ ਤਰਾਂ ਇਕ ਖਿਲੋਣੇ ਜਿਹੇ ਨੂੰ ਬਾਕਾਇਦਾ ਇਕ ਨਵੇਂ ਸਾਜ਼ ਦਾ ਰੂਪ ਦਿੱਤਾ। ਸੰਗੀਤ ਦੇ ਸ਼ੋਕ ਪ੍ਰਤੀ ਸ਼ਿੱਦਤ ਦੇ ਆਲਮ ਦਾ ਅੰਦਾਜ਼ਾ ਤੁਸੀ ਆਪ ਲਾ ਲਉ ਕਿ ਪਿਆਨੋ ਨੂੰ ਇਕ ਸੁਰ ਕਰਨ ਲਈ ਇਕ ਜਰਮਨ ਮਾਹਿਰ ਨੂੰ ਆਪਦੇ ਕੋਲ ਨੌਕਰ ਰੱਖਿਆ ਹੋਇਆ ਸੀ। 1943-44 ਵਿੱਚ "ਸੁਰ ਸੁਹਾਗ" ਨਾਂ ਦਾ ਅਸਲੋਂ ਇਕ ਨਵਾਂ ਸਾਜ਼ ਈਜਾਦ ਕੀਤਾ, ਜਿਹੜਾ ਕਿ ਵੱਚਿਤ੍ਰ ਵੀਨਾਂ ਵਾਂਗ ਵੱਜਦਾ ਹੈ।

ਸੰਗੀਤ ਦੇ ਖੇਤਰ ਵਿੱਚ ਹੁਣ ਤੱਕ ਸ: ਅੱਛਰ ਸਿੰਘ ਇਕ ਬਹੁਤ ਵੱਡਾ ਨਾਂ ਬਣ ਚੁੱਕਾ ਸੀ। ਇਸ ਪਿਛੋਂ ਆਪ ਨੇ ਭਾਰਤ ਦੀਆਂ ਵੱਖੋਂ ਵੱਖਰੀਆਂ ਰਿਆਸਤਾਂ ਦਾ ਰਟਨ ਕਰਨਾਂ ਸ਼ੁਰੂ ਕਰ ਦਿੱਤਾ। ਸੱਭ ਤੋਂ ਪਹਿਲਾਂ ਪਟਿਆਲਾ ਗਏ ਤਾਂ ਏਥੋਂ ਦੇ ਮਹਾਰਾਜ ਨੇ ਦਰਬਾਰੀ ਸੰਗੀਤਕਾਰ ਨਿਯੁਕਤ ਕਰਨ ਦੀ ਪੇਸ਼ਕਸ਼ ਕੀਤੀ ਪਰ ਆਪ ਨੇ ਠੁਕਰਾ ਦਿੱਤੀ। ਜਿਸ ਜਿਸ ਰਿਆਸਤ ਵਿੱਚ ਵੀ ਸੰਗੀਤ ਦਾ ਬੋਲ ਬਾਲਾ ਸੀ, ਆਪ ਉਥੇ ਉਥੇ ਪੁਜੇ ਅਤੇ ਆਪਣੇ ਬਣਾਏ ਹੋਏ ਨਵੇਂ ਸਾਜ਼ ਪੇਸ਼ ਕਰਦੇ ਰਹੇ। ਹਰ ਥਾਹੋਂ ਆਪ ਨੂੰ ਕਾਫੀ ਇਨਾਮ ਇਕਰਾਮ ਅਤੇ ਸਰਟੀਫੀਕੇਟ ਆਦਿ ਮਿਲਦੇ ਰਹੇ।

ਸਾਂਝੇ ਪੰਜਾਬ ਦਾ ਸੱਭ ਤੋਂ ਪਹਿਲਾਂ ਰੇਡੀਓ ਸਟੇਸ਼ਨ ਤਾਂ ਬਹੁਤ ਪਿਛੋਂ ਦੀਆਂ ਗੱਲਾਂ ਹਨ ਕਿਉਂਕਿ ਲਾਹੌਰ ਸਟੇਸ਼ਨ 1937 ਵਿੱਚ ਖੁਲਿਆ ਸੀ, ਪਰ ਪੁਰਾਣੀ ਰੇਲਵੇ ਰੋਡ ਜਲੰਧਰ ਵਿਖੇ ਸੱਥਿਤ ਇਨ੍ਹਾਂ ਦੀ ਹਵੇਲੀ ਨੁਮਾਂ ਕੋਠੀ ਦੋ ਤਿੰਨ ਦਹਾਕੇ ਪਹਿਲਾਂ ਹੀ ਹਿੰਦੁਸਤਾਨ ਭਰ ਦੇ ਵੱਡੇ ਤੋਂ ਵੱਡੇ ਹਰ ਕਲਾਕਾਰ ਲਈ ਇਕ ਕਿਸਮ ਦਾ ਮੱਕਾ ਜਿਹਾ ਬਣ ਚੁਕਾ ਸੀ। ਜਿਥੇ ਉਨ੍ਹਾਂ ਦੀ ਹਰ ਤਰਾਂ ਨਾਲ ਆਉ ਭਗਤ ਹੁੰਦੀ ,ਮਾਣ ਸਤਿਕਾਰ ਮਿਲਦਾ, ਸਾਰੀ ਸਾਰੀ ਰਾਤ ਸੰਗੀਤ ਦੀਆਂ ਮਹਿਫਲਾਂ ਜੰਮਦੀਆਂ ਅਤੇ ਇੱਥੇ ਤੱਕ ਕਿ ਉਸਤਾਦ ਹਾਫਜ ਅਲੀ ਖ਼ਾਂ ਸਰੋਦ ਨਵਾਜ਼ ਦਾ ਫਕੀਰਾਨਾਂ ਤਬੀਅਤ ਦਾ

ਮਾਲਿਕ ਭਰਾ ਛਨੂੰ ਖਾਂ ਜਿਸਨੂੰ ਕਈ ਰਿਆਸਤਾਂ ਲੱਖਾਂ ਰੁਪਿਆਂ ਦੇ ਕੇ ਵੀ ਆਪਣੇ ਕੋਲ ਨੌਕਰ ਨਾ ਰੱਖ ਸਕਿਆ, ਆਪ ਕੋਲ ਆ ਜਾਂਦਾ ਅਤੇ ਏਥੇ ਮਹੀਨਿਆਂ ਬੱਧੀ ਰਹਿੰਦਾ ਅਖੇ ਸਰਦਾਰ ਜੀ ਕੋਲ ਮੇਰੀ ਤਬੀਅਤ ਹੀ ਬੜੀ ਲਗਦੀ ਹੈ। ਰੱਬ ਨਾਲ ਗੱਲਾਂ ਕਰਦੇ ਰਹਿੰਦਾ ਹੈ।

1961 ਦੇ ਨੇੜੇ ਆਪ ਨੇ ਅਸਲੋਂ ਇਕ ਹੋਰ ਨਵੀਂ ''ਮਧੂ ਵੀਣਾ'' ਬਣਾਈ ਜਿਸਦੀ ਸ਼ਕਲ ਸੂਰਤ ਸਿਤਾਰ ਵਰਗੀ ਹੈ, ਪਰ ਇਸ ਵਿੱਚ ਤੂੰਬਾ ਨਹੀਂ ਲਗਦਾ। ਇਸ ਸਾਜ਼ ਦੀ ਇਹ ਖੂਬੀ ਹੈ ਇਕ ਇਹ ਇਕ ਸਮੇਂ ਸਿਤਾਰ ਅਤੇ ਸਰੋਦ ਵਾਦਯ ਦੀਆਂ ਮਿਠੀਆਂ ਧੁਨਾਂ ਨੂੰ ਬੜੇ ਦਿਲਕਸ਼ ਅੰਦਾਜ਼ ਵਿੱਚ ਪ੍ਰਸਾਰਿਤ ਕਰਦੀ ਹੈ।

ਆਪ ਦਾ ਦਿਮਾਗ ਐਨੀ ਉਪਜ ਵਾਲਾ ਸੀ ਕਿ ਸੰਗੀਤ ਮਾਹਿਰ ਹਾਲੇ ਤੱਕ ਵੀ ਉਸ ਦੀਆਂ ਪਰਤਾਂ ਦੀ ਸਹੀ ਅੰਦਾਜ਼ਾ ਨਹੀਂ ਲਾ ਸਕੇ। ਰਿਆਸਤਾਂ ਦੇ ਤੋਸ਼ੇਖਾਨਿਆਂ ਵਿੱਚ ਢੇਰ ਪੁਰਾਣੇ ਨਾਦਰ ਟੁਟੇ ਭੱਜੇ ਜਾਂ ਬੇਸੁਰ ਹੋ ਚੁਕੇ ਸਾਜ਼, ਜਿਹੜੇ ਅੱਜ ਤੱਕ ਹੋਰ ਕਿਸੇ ਕਾਰੀਗਰ ਤੋਂ ਠੀਕ ਨਹੀਂ ਸਨ ਹੋ ਸਕੇ, ਆਪ ਨੇ ਉਨ੍ਹਾਂ ਨੂੰ ਠੀਕ ਕੀਤਾ ਅਤੇ ਸੰਗੀਤ ਸਬੰਧੀ ਆਪਣੀ ਸਿਰਜਨਾਤਮਿਕ ਸੂਝ ਦਾ ਹਰ ਥਾਂ ਲੋਹਾ ਮੰਨਵਾਇਆ। ਨਿਤਾਪ੍ਰਤੀ ਜੀਵਨ ਵਿੱਚ ਆਪ ਚੋਗਾ ਕੁਰਤਾ ਅਤੇ ਚੂੜੀਦਾਰ ਪਜਾਮਾ ਪਹਿਨਦੇ ਅਤੇ ਬੜੇ ਠਾਠ ਬਾਠ ਨਾਲ ਰਹਿੰਦੇ ਸਨ। ਭਾਰਤ ਦੀ ਸੱਭ ਤੋਂ ਵੱਡੀ ਹਰਿਵਲਭ ਸੰਗੀਤ ਕਾਨਫ੍ਰੈਂਸ ਦੇ ਆਪ ਸਦਾ ਇਕ ਬੜੇ ਵਡੇ ਕਰਤਾ ਧਰਤਾ ਰਹੇ। ਆਪਣੇ ਆਖਰੀਂ ਦਿਨਾਂ ਚ ਇਸ ਦੇ ਉਹ ਸਿਨੀਅਰ ਮੀਤ ਪ੍ਰਧਾਨ ਸਨ। ਨਵੇਂ ਤੋਂ ਨਵੇਂ ਸਾਜ਼ ਬਣਾਉਣ ਤੋ ਬਿਨਾਂ ਭਾਰਤੀ ਸੰਗੀਤ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਹ ਆਪਦੇ ਕਹੇ ਸੁਣੇ ਦੀ ਹੀ ਸਦਕਾ ਸੀ ਕਿ ਉਸਤਾਦ ਛੰਨੂ ਖਾਂ ਵਰਗੇ ਮਲੰਗ ਤਬੀਅਤ ਕਲਾਕਾਰ ਵੀ ਆਉਣ ਵਾਲੀਆ ਨਸਲਾਂ ਲਈ ਅਪਣੇ ਕੁਝ ਰੀਕਾਰਡ ਭਰਵਾ ਗਏ। ਇਹ ਗਲ 1926 ਦੀ ਹੈ ਜਦੋਂ ਆਪ ਲਖਨਊ ਵਿਖੇ ਆਪਣੇ ਰੀਕਾਰਡ ਭਰਵਾਉਣ ਗਏ ਹੋਏ ਸਨ। ਆਪ ਨੇ ਜਦੋਂ ਉਸਨੂੰ ਸੁਣਿਆ ਤਾਂ ਉਸੇ ਵੇਲੇ ਹੀ ਉਸਨੂੰ ਆਪਣੇ ਨਾਲ ਜਲੰਧਰ ਲੈ ਆਏ।.ਖੁਸੀ ਦੀ ਗੱਲ ਹੈ ਕਿ ਸਾਡੇ ਕੋਲ ਉਨ੍ਹਾਂ ਦਾ ਐਚ. ਐਮ. ਵੀ. ਵਲੋਂ ਤਿਆਰ ਕੀਤਾ ਤਵਾ (ਨੰਬਰ **P** 17529) ਬੜੀ ਅਛੀ ਹਾਲਤ ਵਿਚ ਸੁਰੱਖਿਤ ਹੈ ਜਿਸ ਵਿਚ ਉਨ੍ਹਾਂ ਬਾਗੇਸ਼ਰੀ ਅਤੇ ਮਾਲਕੌਸ ਗਾਇਆ ਹੋਇਆ ਹੈ।

ਇਸ ਤੋਂ ਛੁਟ, ਉਨ੍ਹਾਂ ਦੀ ਇਹ ਬਹੁਤ ਵੱਡੀ ਦੇਣ ਹੈ ਕਿ ਆਪ ਨੇ ਮਲਕਾਇ ਗਜ਼ਲ ਬੇਗਮ ਅਖਤਰ, ਜਿਹੜੀ ਅਜੇ ਤੱਕ ਲਖਨਊ ਅੰਗ ਦੀ ਠੁਮਰੀ ਹੀ ਗਾਉਂਦੀ ਸੀ, ਨੂੰ ਸਲਾਹ ਦਿੱਤੀ ਕਿ ਜੇਕਰ ਗਾਉਣਾ ਹੀ ਹੈ ਤਾਂ ਕਿਸੇ ਪੰਜਾਬੀ ਉਸਤਾਦ ਦੀ ਸ਼ਾਗਿਰਦ ਬਣੇ ਅਤੇ ਪੰਜਾਬੀ ਅੰਗ ਦੀ ਠੁਮਰੀ ਗਾਏ। ਉਸਨੂੰ ਉਨ੍ਹਾਂ ਦੀ ਇਹ ਸਲਾਹ ਚੰਗੀ ਲੱਗੀ ਅਤੇ ਏਸੇ ਸਦਕਾ ਉਸਨੇ ਪਟਿਆਲਾ ਘਰਾਣੇ ਦੇ ਪ੍ਰਸਿੱਧ ਉਸਤਾਦ ਅਤਾ ਮੁੰਹਿਮਦ ਨੂੰ ਆਪਣਾ ਗੁਰੂ ਧਾਰਨ ਕਰ ਲਿਆ, ਜਿਹੜਾ ਕਿ ਪਿਛੋਂ ਉਸਦੇ ਜੀਵਨ ਦਾ ਇਕ ਬਹੁਤ ਵੱਡਾ ਮੋੜ ਸਾਬਤ ਹੋਇਆ। ਆਪ ਨੇ ਉਸਨੂੰ ਇਕ ਹਾਰਮੋਨੀਅਮ ਵਾਜਾ

ਵੀ ਪੇਸ਼ ਕੀਤਾ ਸੀ, ਜਿਸਨੂੰ ਉਹ ਉਮਰ ਭਰ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਸਮਝਦੀ ਰਹੀ। ਕੀ ਮਜਾਲ ਉਸ ਵਾਜੇ ਨੂੰ ਕੋਈ ਹੋਰ ਹੱਥ ਵੀ ਲਾ ਜਾਏ ਤੇ।

ਆਖਰ 10 ਅਪਰੈਲ, 1970 ਨੂੰ ਹੰਸੂ ਹੰਸੂ ਕਰਦੀ ਇਹ ਸ਼ਖਸੀਤ ਨਵੇਂ ਤੋ ਨਵੇਂ ਸਾਜ਼ਾਂ ਦਾ ਸਿਰਜਨਹਾਰ, ਸੰਗੀਤ ਦਾ ਹੁਸਨਕਾਰ, ਸਾਡੇ ਕੋਲੋਂ ਸਦਾ ਸਦਾ ਲਈ ਉਸ ਦੂਨੀਆ ਨੂੰ ਰਵਾਨਾ ਹੋ ਗਿਆ, ਜਿਥੇ ਗਿਆ, ਅੱਜ ਤੱਕ ਕੋਈ ਵਾਪਸ ਨਹੀ ਪਰਤਿਆ।

ਸੰਗੀਤ ਸਾਗਰ ਮਰ ਗਿਆ,
ਕਾਰਵਾਂ ਸੱਭ, ਖੜ੍ਹ ਗਿਆ।
ਕਹਿ ਦਿਉ, 'ਮਧਮ' ਨੂੰ ਜਾ ਕੇ,
ਕਲਬ 'ਧੈਵਤ' ਕੱਟ ਕੇ
ਸੋਗਾਂ ਸੰਦੜੀ ਖਬਰ ਜਿਹੜੀ,
ਮੂੰਹ ਜ਼ਬਾਨੀ ਰਟ ਕੇ,
ਗੰਮ ਦਾ ਸੂਰਜ ਚੜ੍ਹ ਗਿਆ,
ਸੰਗੀਤ ਦਾ ਸਾਗਰ ਮਰ ਗਿਆ।

ਖੁਸ਼ੀ ਦੀ ਗੱਲ ਹੈ ਕਿ ਆਪ ਜੀ ਦੀ ਲਾਡਲੀ ਧੀ ਪ੍ਰੋ: ਸਰਵਜੀਤ ਕੌਰ, ਜਿਹੜੀ ਕਿ ਪੰਡਿਤ ਰਵੀ ਸ਼ੰਕਰ ਜੀ ਦੀ ਸ਼ਾਗਿਰਦ ਹੈ, ਸਿਤਾਰ ਵਾਦਨ ਚ ਆਪਣੀ ਮਿਸਾਲ ਆਪ ਹੈ। ਦੇਸ਼ ਭਰਦੇ ਦੋ ਤਿੰਨ ਵੱਡੇ ਸਿਤਾਰਿਆਂ ਨੂੰ ਛੱਡ ਕੇ , ਉਸਦਾ ਕੋਈ ਹੋਰ ਮੁਕਾਬਲਾ ਹੀ ਨਹੀਂ। ਕੁਝ ਕੁ ਪਦਮ ਸ੍ਰੀ ਖਿਤਾਬ ਹਾਸਲ ਕਰਤਾ ਕਲਾਕਾਰਾਂ ਨਾਲੋਂ ਉਹ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਅੱਛੀ ਸਿਤਾਰ ਵਜਾਉਂਦੀ ਸੀ ਅਤੇ ਭਾਰਤ ਦੇ ਭ੍ਰਿਸ਼ਟਾਚਾਰ ਤੋਂ ਉੱਕਾ ਬੇਨਿਆਜ਼ ਇਹ ਖੁਦਾਦਾਰ ਕਲਾਕਾਰ ਅੱਜ ਵੀ ਨੈਸ਼ਨਲ ਪ੍ਰੋਗਰਾਮ ਪੇਸ਼ ਕਰਦੀ ਆ ਰਹੀ ਹੈ। ਬਾਹਰਲੇ ਦੇਸ਼ਾਂ ਵਿੱਚ ਵਸਦੇ ਸਿੱਖ- ਜਗਤ ਨੇ ਵੀ ਪੰਡਿਤ ਦਲੀਪ ਚੰਦਰ ਬੇਦੀ ਵਾਂਗ ਆਪਣੇ ਇਸ ਪੁਖਰਾਜ ਦੀ ਕੋਈ ਪਰਖ ਨਹੀਂ ਕੀਤੀ।

ਬਾਹਰਲੇ ਸਮੂਹ ਗੁਰਦੂਆਰਾ ਸਾਹਿਬਾਨ ਅਤੇ ਸਭਾ ਸੋਸਾਈਟੀਆਂ ਨੂੰ ਚਾਹੀਦਾ ਹੈ ਕਿ ਵੱਖ ਵੱਖ ਖੇਤਰਾਂ ਵਿਚ ਸਰਵੋਤਮ ਕਿਸਮ ਦਾ ਕੰਮ ਕਰ ਰਹੇ ਅਜਿਹੇ ਸਮਰਾਟ ਕਲਾਕਾਰਾਂ ਅਤੇ ਵਿਦਵਾਨਾਂ ਦਾ ਯੋਗ ਮੁਲ ਪਾਉਣ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਤੇ ਕਾਵਿ ਦਾ ਸੰਜੋਗ

ਡਾ. ਤਾਰਨ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਲਾ ਕੌਸ਼ਲ ਦੀ ਸਫਲਤਾ ਦੀ ਪਹਿਲੀ ਸ਼ਰਤ ਇਹ ਹੈ ਕਿ ਕਵੀ ਰਾਗ ਤੇ ਕਾਵਿ ਦਾ ਸਫਲ ਸੰਜੋਗ ਕਰ ਸਕਿਆ ਹੋਵੇ। ਰਾਗ ਤੇ ਕਾਵਿ ਦੇ ਸਫਲ ਸੰਜੋਗ ਦਾ ਭਾਵ ਇਹ ਹੈ ਕਿ ਹਰ ਰਾਗ ਦਾ (1) ਰਸ (2) ਗਾਇਨ ਸਮਾਂ, (3) ਗਾਇਨ ਰੁਤ (4) ਵਾਈਊ ਮੰਡਲ ਤੇ (5) ਕੁਝ ਹੋਰ ਵਿਸ਼ੇਸ਼ ਗਲਾਂ, ਭਾਰਤੀ ਰਾਗ ਪਰੰਪਰਾ ਤੇ ਪ੍ਰਬੰਧ ਅਨੁਸਾਰ, ਨਿਸਚਿਤ ਹਨ ਅਤੇ ਰਾਗ ਵਿਚ ਰਚਨਾ ਕਰਨ ਵਾਲੇ ਕਵੀ ਨੇ ਰਚਨਾ ਦੇ ਹਰ ਅੰਗ ਜਿਵੇਂ ਸ਼ਬਦਾਵਲੀ, ਅਲੰਕਾਰ, ਛੰਦ, ਰਸ, ਮੰਡਲ ਤੇ ਵਿਸ਼ੇ ਚੋਣ, ਵਸਤੂ ਦੁਆਰਾ ਨਿਸਚਿਤ ਰਾਗ ਦਾ ਰਸ ਤੇ ਵਾਈਊ ਮੰਡਲ ਉਤਪੰਨ ਕਰਨਾ ਹੈ। ਜੇ ਤੇ ਇਹ ਪਰਾਪਤੀ ਹੋ ਸਕੀ ਹੈ, ਤਦ ਕਵੀ ਰਾਗ ਤੇ ਕਾਵਿ ਦਾ ਸਫਲ ਸੰਜੋਗ ਕਰ ਸਕਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਵੀ ਇਸ ਕਲਾ ਵਿਚ ਕਮਾਲ ਕਰ ਸਕੇ ਹਨ।

ਇਹ ਰਾਗ ਤੇ ਕਾਵਿ ਦੇ ਸੰਜੋਗ ਵਾਲੀ ਗਲ ਹੈ ਬੜੀ ਸੂਖਮ ਅਤੇ ਹਰ ਰਾਗ ਦੇ ਹਰ ਪਦੇ ਵਿਚੋਂ ਇਹ ਨਿਸਚਿਤ ਕਰ ਸਕਣੀ ਵੀ ਬਹੁਤ ਕਠਨ ਹੈ ਕਿ 'ਸੰਜੋਗ' ਸਫਲਤਾ ਨਾਲ ਕੀਤਾ ਗਿਆ ਹੈ। ਪਰ ਇਸ ਰਾਗ-ਕਾਵਿ ਸੰਜੋਗ ਸਿਧਾਂਤ ਨੂੰ ਕੁਝ ਉਧਾਰਨਾਂ ਨਾਲ ਪਹਿਲਾਂ ਸਪਸ਼ਟ ਕਰ ਦਿੰਦੇ ਹਾਂ। ਕੁਝ ਮੋਟੀਆਂ ਜਹੀਆਂ ਗਲਾਂ ਭਾਰਤੀ ਰਾਗ ਪ੍ਰਬੰਧ ਵਿਚ ਦਿਲਚਸਪੀ ਰਖਣ ਵਾਲਾ ਹਰ ਮਨੁੱਖ ਜਾਣਦਾ ਹੈ ਜਿਵੇਂ ਕਿ ਰਾਗ ਬਸੰਤ, ਬਸੰਤ ਰੁਤ ਦਾ ਹੈ ਜਾਂ ਰਾਗ ਮਲਾਰ ਬਰਖਾ ਰੁਤ ਦਾ ਰਾਗ ਹੈ ਜਾਂ ਰਾਗ ਮਾਰੂ ਯੁਧ ਸਮੇਂ ਗਾਏ ਜਾਣ ਵਾਲਾ ਰਾਗ ਹੈ ਜਾਂ ਰਾਗ ਸੂਹੀ ਖੁਸ਼ੀ ਦੇ ਮੌਕਿਆ ਦਾ ਵਿਸ਼ੇਸ਼ ਰਾਗ ਹੈ, ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਰਾਗਾਂ ਅੰਦਰ ਦਿਤੀ ਕੁਝ ਰਚਨਾ ਨੂੰ ਵੇਖੋ।

## ਰਾਗ ਬਸੰਤ

ਇਸ ਰਾਗ ਵਿਚ ਰਚੀ ਕਵਿਤਾ ਦੀ ਸ਼ਬਦਾਵਲੀ, ਅਲੰਕਾਰਾਂ, ਚਿੰਨ੍ਹਾਂ, ਪ੍ਰਤੀਕਾਂ ਰੂਪਕਾਂ, ਉਪਮਾਵਾਂ, ਰਸ ਆਦਿ ਨੂੰ ਬਸੰਤ ਰੁਤ ਦਾ ਵਾਈਊ ਮੰਡਲ ਉਤਪੰਨ ਕਰਨਾ ਚਾਹੀਦਾ ਹੈ। ਇਹ ਸੰਜੋਗ ਨੂੰ ਸਮਝਣ ਲਈ ਗੁਰੂ ਨਾਨਕ ਸਾਹਿਬ ਦਾ ਇਸ ਰਾਗ ਵਿਚ ਪਹਿਲਾ ਸ਼ਬਦ ਹੀ ਵੇਖੋ !

ਮਾਹਾ ਮਾਹ ਮੁਮਾਰਖੀ, ਚੜਿਆ ਸਦਾ ਬਸੰਤ॥
ਪਰਫੜੁ ਚਿਤ ਸਮਾਲਿ ਸੋਇ, ਸਦਾ ਸਦਾ ਗੋਬਿੰਦ॥1॥

ਭੋਲਿਆ ਹਉਮੈ ਸੁਰਤਿ ਵਿਸਾਰਿ॥

ਹਉਮੈ ਮਾਰਿ ਬੀਚਾਰਿ ਮਨ, ਗੁਣ ਵਿਚਿ ਗੁਣ ਲੈ ਸਾਰਿ ॥ 1॥ ਰਹਾਉ॥

ਕਰਮ ਪੇਡੁ, ਸਾਖਾ ਹਰੀ, ਧਰਮ ਫੁਲੁ, ਫਲੁ ਗਿਆਨੁ॥

ਪਤ ਪਰਾਪਤਿ, ਛਾਵ ਘਣੀ, ਚੂਕਾ ਮਨ ਅਭਿਮਾਨੁ॥

ਅਖੀ ਕੁਦਰਤਿ, ਕੰਨੀ ਬਾਣੀ, ਮੁਖਿ ਆਖਣੁ ਸਚੁ ਨਾਮੁ॥

ਪਤਿ ਕਾ ਧਨੁ ਪੂਰਾ ਹੋਆ, ਲਾਗਾ ਸਹਜਿ ਧਿਆਨੁ ॥ 2॥

ਮਾਹਾ ਰੁਤੀ ਆਵਣਾ, ਵੇਖਹੁ ਕਰਮ ਕਮਾਇ॥

ਨਾਨਕ ਹਰੇ ਨ ਸੂਕਹੀ, ਜਿ ਗੁਰਮੁਖਿ ਰਹੇ ਸਮਾਇ ॥ 4॥ 1॥

'ਸਦਾ ਬਸੰਤ' 'ਹਰੇ ਨ ਸੂਕਹੀ' ਇਥੇ ਉਚਤਮ ਮਨੁਖੀ ਆਤਮਕ, ਸਰੀਰਕ ਸਮਾਜਕ, ਮਾਨਸਕ, ਰਾਜਸੀ, ਸਦਾਚਾਰਕ ਦਸ਼ਾ ਦੇ ਚਿੰਨ੍ਹ ਮੰਨੇ ਹਨ। ਇਹ 'ਸਦਾ ਬਸੰਤ' ਤੇ 'ਹਰੇ ਭਰੇ' ਰਹਿਣ ਦੀ ਦਸ਼ਾ ਕਾਇਮ ਰਹਿਣੀ ਚਾਹੀਦੀ ਹੈ ਭਾਵੇਂ 'ਮਾਹਾ ਰੁਤੀ ਆਵਣਾ' ਪਾਇਆ ਹੋਵੇ। ਇਹ ਦਸ਼ਾ ਤਦ ਹੀ ਬਣਦੀ ਹੈ ਜੇ 'ਪਰਫੁੜ ਚਿਤ' ਚਿਤ ਪਰਫੁਲਤ ਹੋਵੇ। ਚਿਤ ਤਦ ਪਰਫੁਲਤ ਹੁੰਦਾ ਹੈ ਜੇ ''ਪਰਫੜੁ ਚਿਤ ਸਮਾਲਿ ਸੋਇ, ਸਦਾ ਸਦਾ ਗੋਬਿੰਦ'' ਕਰੀਏ। 'ਚਿਤ' ਬ੍ਰਿਛ ਹੈ ਜੋ 'ਸਦਾ ਸਦਾ ਗੋਬਿੰਦੁ' ਕਰਨ ਨਾਲ ਹਰਾ ਭਰਾ, ਜਿਵੇ ਬਸੰਤ ਵਿਚ, ਹਰਾ ਰਹਿੰਦਾ ਹੈ। ਕ੍ਹਿਹੋ ਜਿਹੀ ਹੈ ਚਿਤ-ਬ੍ਰਿਛ ਦੀ ਹਰਿਆਵਲ ''ਕਰਮ ਪੇਡੁ, ਸਾਖਾ ਹਰੀ, ਧਰਮੁ ਫੁਲੁ ਫਲੁ ਗਿਆਨੁ। ਪਤ ਪਰਾਪਤਿ, ਛਾਵ ਘਣੀ,'' ਇਹ ਦਸ਼ਾ ਬਣਦੀ ਹੈ ਜੇ ''ਹਉਮੈ ਸੁਰਤਿ ਵਿਸਾਰ'' ਤੇ '' ਚੂਕਾ ਮਨ ਅਭਿਆਮਨੁ'' ਹੋਵੇ ਜੋ '' ਸਦਾ ਸਦਾ ਗੋਬਿੰਦੁ'' ਸਿਮਰਨ ਨਾਲ ਹੁੰਦਾ ਹੈ। ਸੋ ਰਾਗ ਦੀ ਲੋੜ ਅਨੁਸਾਰ ਜੀਵਨ ਆਦਰਸ਼ 'ਬਸੰਤ' 'ਸਦਾ ਬਸੰਤ' ਬਣ ਗਇਆ ਹੈ, 'ਚਿਤ' 'ਬ੍ਰਿਛ' ਬਣ ਗਇਆ ਹੈ, 'ਧਰਮੁ' 'ਫੁਲੁ' ਹੋ ਗਇਆ ਹੈ, 'ਗਿਆਨ' 'ਫਲੁ' ਹੋ ਗਇਆ ਹੈ; 'ਕਰਮ' ਪੇਡ ਬਣ ਗਿਆ ਹੈ ਆਦਿ। ਇਸ ਤਰ੍ਹਾਂ ਰਾਗ ਦਾ ਨਿਸਚਿਤ ਵਾਯੂ ਮੰਡਲ ਉਤਪੰਨ ਕਰਨ ਲਈ ਸ਼ਬਦਾਵਲੀ, ਚਿੰਨ੍ਹਾਂ, ਅਲੰਕਾਰਾਂ ਨੇ ਯੋਗ ਲੋੜੀਂਦਾ ਰੂਪ ਧਾਰਨ ਕੀਤਾ ਹੈ। ਇਹ ਹੈ ਰਾਗ ਤੇ ਕਾਵਿ ਦਾ ਸਫਲ ਸੰਜੋਗ।

ਬਸੰਤ ਰਾਗ ਵਿਚ ਗੁਰੂ ਅਮਰਦਾਸ ਜੀ ਦਾ ਪਹਿਲਾ ਪਦਾ ਇਹ ਹੈ:-

ਮਾਹਾ ਰੁਤੀ ਮਹਿ ਸਦ ਬਸੰਤ ॥ ਜਿਤੁ ਹਰਿਆ ਸਭੁ ਜੀਅ ਜੰਤੁ ॥

ਕਿਆ ਹਉ ਆਖਾ ਕਿਰਮ ਜੰਤੁ॥ ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥

............ ............ ............. ............... ...................

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ॥

ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥

ਇਸੇ ਰਾਗ ਦੇ ਹੋਰ ਪਦਿਆਂ ਵਿੱਚ ਮਹਲੇ ਤੀਜੇ ਦੀਆਂ ਹੋਰ ਸਤਰਾਂ ਦੇਖੋ:

''ਮੇਰਾ ਪ੍ਰਭੁ ਮਉਲਿਆ ਸਦ ਬਸੰਤ ॥ ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥

........................................................................

''ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥

ਸਫਲਿਓ ਬਿਰਖੁ ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ ਪਿਆਰਿ ॥

''ਬਨਸਪਤ ਮਉਲੀ ਚੜਿਆ ਬਸੰਤ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥

........................................................................

''ਮਨਿ ਬਸੰਤੁ ਹਰੇ ਸਭਿ ਲੋਇ॥ ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ॥

''ਸਦਾ ਬਸੰਤੁ ਗੁਰ ਸਬਦੁ ਬੀਚਾਰੇ ॥ ਰਾਮ ਨਾਮ ਰਖੈ ਉਰਧਾਰੇ॥

''ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥

ਨਾਨਕ ਇਹੁ ਤਨੁ ਬਿਰਖੁ ਰਾਮ ਨਾਮ ਫਲੁ ਪਾਏ ਸੋਇ॥

''ਆਪ ਬਸੰਤ ਜਗਤੁ ਸਭੁ ਵਾੜੀ ॥ ਨਾਨਕ ਪੂਰੇ ਭਾਗਿ ਭਗਤਿ ਨਿਰਾਲੀ॥

''ਮਨੁ ਤਨੁ ਤੇਰਾ ਹਰਿਆ ਹੋਵੈ, ਇਕੁ ਹਰਿ ਨਾਮਾ ਫਲੁ ਪਾਇ॥

ਜ਼ਰੂਰੀ ਨਹੀਂ ਕਿ ਹਰ ਪਦੇ ਵਿਚ 'ਬਸੰਤ' ਦਾ ਸ਼ਬਦ ਆਵੇ, ਸਗੋਂ ਸ਼ਬਦਾਵਲੀ, ਅਲੰਕਾਰਾਂ, ਰੂਪਕਾਂ, ਚਿੰਨ੍ਹਾਂ ਨੇ ਇਹ ਸੁਝਾਣਾ ਹੈ। ਇਹ ਬਸੰਤ ਰਾਗ ਵਿਚ ਕੀਤੀ ਜਾ ਰਹੀ ਰਚਨਾ ਹੈ।

ਇਸੇ ਰਾਗ ਵਿਚ ਗੁਰੂ ਅਰਜਨ ਸਾਹਿਬ ਦੀ ਰਚਨਾ ਦਾ ਪਹਿਲਾ ਪਦਾ ਦੇਖੋ। ਆਪ ਨੇ ਬਸੰਤ ਤੇ ਹੋਲੀ ਦੀ ਰੁਤ ਨੂੰ ਮਿਲਾ ਦਿਤਾ ਹੈ।

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥

ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥

ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ੍ਹ ਬੇਅੰਤ॥1॥ਰਹਾਉ॥

ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥

ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥ 2॥

ਮਨੁ ਤਨੁ ਮਉਲਿਓ ਅਤਿ ਅਨੂਪ ।। ਸੂਕੈ ਨਾਹੀ ਛਾਵ ਧੂਪ।।
ਸਗਲੀ ਰੂਤੀ ਹਰਿਆ ਹੋਇ।। ਸਦ ਬਸੰਤ ਗੁਰ ਮਿਲੇ ਦੇਵ।।
ਬਿਰਖੁ ਜਮਿਓ ਹੈ ਪਾਰਜਾਤ ।। ਫੂਲ ਲਾਗੇ ਫਲ ਰਤਨ ਭਾਂਤਿ ।।
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ।। ਜਨ ਨਾਨਕ ਹਰਿ ਹਰਿ ਹਰਿ ਧਿਆਇ ।।
4 ।। 1 ।।

ਬਸੰਤ ਰਾਗ ਵਿਚ ਕਬੀਰ ਜੀ ਦੀ ਰਚਨਾ ਦਾ ਪਹਿਲਾ ਪਦਾ ਵੇਖੋ:-

ਮਉਲੀ ਧਰਤੀ ਮਉਲਿਆ ਅਕਾਸੁ ।।
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ।। 1 ।।
ਰਾਜਾ ਰਾਮੁ ਮਉਲਿਆ ਅਨਤ ਭਾਇ ।।
ਜਹ ਦੇਖਉ ਤਹ ਰਹਿਆ ਸਮਾਇ ।। 1।।
ਦੁਤੀਆ ਮਉਲੇ ਚਾਰਿ ਬੇਦ ।। ਸਿੰਮ੍ਰਿਤਿ ਮਉਲੀ ਸਿਉ ਕਤੇਬ ।। 2।।
ਸੰਕਰੁ ਮਉਲਿਓ ਜੋਗ ਧਿਆਨ।। ਕਬੀਰ ਕੋ ਸੁਆਮੀ ਸਭ ਸਮਾਨ।।3।। 1।।
ਇਸੇ ਰਾਗ ਵਿਚ ਰਾਮਾਨੰਦ ਜੀ ਦਾ ਪਦਾ ਵੇਖੋ:-
ਕਤ ਜਾਈਐ ਰੇ ਘਰਿ ਲਾਗੋ ਰੰਗੁ ।।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ।। 1।। ਰਹਾਉ ।।
ਏਕ ਦਿਵਸ ਮਨਿ ਭਈ ਉਮੰਗ ।। ਘਸਿ ਚੰਦਨ ਚੋਆ ਬਹੁ ਸੁਗੰਧ ।।
ਪੂਜਨ ਚਾਲੀ ਬ੍ਰਹਮ ਠਾਇ ।। ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ ।। 1।।
ਜਹਾ ਜਾਈਐ ਤਹ ਜਲ ਪਖਾਨ ।। ਤੂ ਪੂਰਿ ਰਹਿਓ ਹੈ ਸਭ ਸਮਾਨ ।।
ਬੇਦ ਪੁਰਾਨ ਸਭ ਦੇਖੇ ਜੋਇ ।। ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ।। 2।।

ਇਹਨਾਂ ਸਾਰਿਆਂ ਪਦਿਆਂ ਵਿਚ, ਪਰਤਖ ਹੈ, ਬਸੰਤ ਰਾਗ ਦਾ ਵਾਯੂ ਮੰਡਲ ਹੈ। ਬੜੇ ਸਿਧੇ ਜਿਹੇ ਸੰਕੇਤ ਉਪਰ ਦਿਤੇ ਹਨ ਪਰ ਜੇ ਰਾਗ ਦੀ ਸਾਰੀ ਬਾਣੀ ਨੂੰ ਵਿਚਾਰਿਆ ਜਾਏ, ਤਾਂ ਅਨੇਕ ਗੋਹਜ ਸ਼ਬਦਾਂ, ਚਿੰਨ੍ਹਾਂ, ਅਲੰਕਾਰਾਂ ਰਾਹੀਂ ਬਸੰਤ ਰੁਤ ਦਾ ਸੁਝਾ ਦਿਤਾ ਹੈ।

(ਚਲਦਾ)

# ਗੁਰੂ ਨਾਨਕ ਦੇਵ ਜੀ

ਪਿਆਰਾ ਸਿੰਘ ਪਦਮ

ਗੁਰੂ ਨਾਨਕ. ਸਿੱਖ ਧਰਮ ਦੇ ਬਾਨੀ ਗੁਰੂ ਸਨ। ਆਪ ਦਾ ਜਨਮ 15 ਅਪ੍ਰੈਲ. 1469ਈ. ਨੂੰ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਚੜ੍ਹਦੀ ਜਵਾਨੀ ਵਿਚ ਸੁਲਤਾਨਪੁਰ ਚਲੇ ਗਏ ਜੋ ਕਿ ਉਸ ਸਮੇਂ ਇਸਲਾਮੀ ਵਿਦਿਆ ਦਾ ਕੇਂਦਰ ਸੀ। ਆਪ ਨੇ ਸਾਧੂਆਂ ਫ਼ਕੀਰਾਂ ਦੀ ਸੰਗਤ ਦੁਆਰਾ ਆਪਣੇ ਅਨੁਭਵ ਨੂੰ ਵਿਸ਼ਾਲ ਕੀਤਾ ਤੇ ਸਮਕਾਲੀ ਧਾਰਮਕ ਤੇ ਸਮਾਜਕ ਜੀਵਨ ਨੂੰ ਗਹੁ ਨਾਲ ਘੋਖਿਆ। ਵੀਹ ਬਾਈ ਵਰ੍ਹੇ ਭਾਰਤ ਤੇ ਭਾਰਤ ਤੋਂ ਬਾਹਰ ਲੰਕਾਂ, ਅਰਬ ਤੇ ਰੂਸ, ਚੀਨ ਦੇ ਕੁਝ ਭਾਗਾਂ ਵਿਚ ਘੁੰਮ ਫਿਰ ਕੇ ਥਾਂ ਥਾਂ ਆਪਣਾ ਜੀਵਨ-ਸੰਦੇਸ਼ ਪਹੁੰਚਾਇਆ, ਜਿਸਦੇ-ਨਾਮ ਜਪਣਾ ਤੇ ਕਿਰਤ ਕਮਾਈ ਕਰਕੇ ਵੰਡ ਛਕਣਾ, ਦੋ ਬੁਨਿਆਦੀ ਨੁਕਤੇ ਸਨ। ਲੋਕ-ਭਲਾਈ ਲਈ ਇਤਨਾ ਵੱਡਾ ਲੰਮਾ ਸਫ਼ਰ ਕਿਸੇ ਹੋਰ ਗੁਰੂ ਯਾ ਪੀਰ ਪੈਗ਼ੰਬਰ ਨੇ ਨਹੀਂ ਕੀਤਾ, ਇਸ ਤੋਂ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੀ ਵਿਸ਼ਾਲਤਾ, ਡੂੰਘੀ ਸੋਚ, ਵਿਉਂਤਬੰਦੀ, ਅਥਾਹ ਲਗਨ ਤੇ ਅਣਥੱਕ ਘਾਲ ਦੀ ਟੋਹ ਲਗਦੀ ਹੈ। ਕੁਦਰਤ ਆਪ ਦਾ ਪਹਿਲਾ ਭੰਡਾਰ ਸੀ, ਦੂਸਰੇ ਸਨ ਅਨੁਭਵੀ ਸੰਤ ਸਾਧੂ। ਆਮ ਮਨੁੱਖੀ ਜੀਵਨ ਨੂੰ ਵਿਕਸਤ ਕਰਨਾ ਉਨ੍ਹਾਂ ਦਾ ਮੁੱਖ ਉਦੇਸ਼ ਸੀ ਤੇ ਹਰ ਥਾਂ ਉਨ੍ਹਾਂ ਪੂਰੀ ਦ੍ਰਿੜ੍ਹਤਾ ਤੇ ਲਗਨ ਨਾਲ ਇਸ ਤੇ ਪਹਿਰਾ ਦਿਤਾ। ਉਮਰ ਦੇ ਆਖਰੀ ਹਿੱਸੇ ਵਿਚ ਉਹ 15-20 ਵਰ੍ਹੇ ਕਰਤਾਰਪੁਰ ਖੇਤੀਬਾੜੀ ਕਰ ਕੇ ਵੀ ਇਹੋ ਦ੍ਰਿੜ੍ਹਾਉਂਦੇ ਰਹੇ ਕਿ ਨਾਮ ਦੀ ਚੜ੍ਹਦੀ ਕਲਾ ਤੇ ਸਰਬਤ ਦਾ ਭਲਾ ਹੀ ਵਧੀਆ ਮਾਰਗ ਹੈ ਤੇ ਗ੍ਰਿਹਸਤੀ ਜੀਵਨ ਦੇ ਕਰਮ ਯੋਗ, ਦੁਆਰਾ ਹੀ ਇਸ ਨੂੰ ਅੱਛੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ।

ਆਪ ਪੰਜਾਬੀ ਤੇ ਸੰਤ-ਭਾਸ਼ਾ ਦੇ ਮਹਾਨ ਕਵੀ ਸਨ ਜਿਨ੍ਹਾਂ 19 ਰਾਗਾਂ ਵਿਚ 964 ਸ਼ਬਦ ਉਚਾਰਣ ਕੀਤੇ। ਇਸ ਰਚਨਾਵਲੀ ਵਿਚ ਜਪੁ, ਓਅੰਕਾਰ, ਸਿਧ ਗੋਸਟਿ, ਬਾਰਾਮਾਹ ਤੁਖਾਰੀ, ਤਿੰਨ ਵਾਰਾਂ (ਮਾਝ, ਆਸਾ, ਮਲ੍ਹਾਰ) ਛੰਤ ਤੇ ਸੋਲਹੇ ਵਿਸ਼ੇਸ਼ ਧਿਆਨ ਦੇ ਮਥਾਜ ਹਨ। ਸਤਿਗੁਰਾਂ ਦਾ ਰਹੱਸਵਾਦੀ ਅਨੁਭਵ ਇਕ ਸ੍ਰੇਸ਼ਟ ਦਾਰਸ਼ਨਿਕ ਸੰਤ ਕਲਾਕਾਰ ਦਾ ਅਨੁਭਵ ਹੈ ਜਿਸ ਵਿਚ ਜੀਵਨ ਦੇ ਯਥਾਰਥ ਨੂੰ ਅੱਖੋਂ ਓਹਲੇ ਨਹੀਂ ਹੋਣ ਦਿਤਾ ਗਿਆ।

ਜੀਵਨ ਦੀ ਸੁੰਤਤਰਤਾ ਨੂੰ ਬਰਕਰਾਰ ਰੱਖਣ ਲਈ ਇਹ ਵੀ ਪਹਿਲੇ ਉਨ੍ਹਾਂ ਦੀ ਹੀ ਫੁਰਨਾ ਸੀ ਕਿ ਪ੍ਰਮੁੱਖ ਸੰਤਾਂ ਭਗਤਾਂ ਦੇ ਬਚਨ ਸੰਕਲਿਤ ਕਰਕੇ ਉਨ੍ਹਾਂ ਤੋਂ ਜੀਵਨ-ਅਗਵਾਈ ਲਈ ਜਾਵੇ। ਇਸ ਮਨੋਰਥ ਲਈ ਭਾਰਤ ਭਰ ਦੇ ਭ੍ਰਮਣ ਸਮੇਂ ਉਨ੍ਹਾਂ ਹਰ ਪ੍ਰਾਂਤ ਦੇ ਮਹਾਂਪੁਰਸ਼ਾਂ ਦੀ ਬਾਣੀ ਇਕੱਤਰਰ ਕਰਨ ਦਾ ਬੀੜਾ ਉਠਾਇਆ ਜਿਸ ਦੇ ਆਧਾਰ ਤੇ ਪਿਛੋਂ 'ਆਦਿ ਗ੍ਰੰਥ' ਦਾ ਸੰਪਾਦਨ ਹੋਇਆ। ਬਾਕੀ ਭਗਤੀ ਲਹਿਰ ਦੇ ਸੰਤਾਂ ਨਾਲੋਂ ਇਹ ਗੱਲ ਵੀ ਉਨ੍ਹਾਂ ਦੀ ਵਿਲੱਖਣਤਾ ਤੇ ਦੂਰ-ਦਰਸ਼ਤਾ ਦੀ

ਸੂਚਕ ਹੈ ਕਿ ਉਨ੍ਹਾਂ ਆਪਣੇ ਜਾਂਨਸ਼ੀਨ ਟਿੱਕ ਕੇ ਇਸ ਕੰਮ ਨੂੰ ਲੜੀਬਧ ਨਿਰੰਤਰ ਅਗੇ ਤੋਰਨ ਦਾ ਫੈਸਲਾ ਕੀਤ੍ਹਾ।

ਦਰਿਆ ਰਾਵੀ. ਕੰਢੇ ਕਰਤਾਰਪੁਰ (ਜ਼ਿਲਾ ਗੁਰਦਾਸਪੁਰ) 22 ਸਤੰਬਰ 1539 ਈ: ਨੂੰ ਜੋਤੀ ਜੋਤਿ ਸਮਾਏ।

ਆਦਿ ਗ੍ਰੰਥ ਵਿਚ ਆਈ ਗੁਰੂ-ਬਾਣੀ ਅੰਦਰ ਜਿਥੇ ਗੁਰੂ ਨਾਨਕ ਸਾਹਿਬ ਨੇ 'ਨਾਨਕ' ਛਾਪ ਵਰਤੀ ਹੈ ਉਥੇ. ਬਾਕੀ ਗੁਰੂਆਂ ਵੀ 'ਨਾਨਕ' ਛਾਪ ਦਾ ਪ੍ਰਯੋਗ ਕੀਤਾ ਹੈ ਪਰੰਤੂ ਨਾਲ ਮਹਲ੍ਹਾ 2,3,4,5,ਯਾ 9 ਲਿਖ ਕੇ ਇਹ ਸਪਸ਼ਟ ਕਰ ਦਿਤਾ ਹੈ ਕਿ ਇਹ ਬਾਣੀ ਕਿਹੜੇ ਜਾਂਨਸ਼ੀਨ ਦੀ ਹੈ। ਕਲਯ ਭਟ ਨੇ ਲਿਖਿਆ ਹੈ:-

ਕਲਿ ਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ. ਅਮਰੁ ਕਹਾਇਓ।

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ. ਆਦਿ ਪੁਰਖਿ ਫੁਰਮਾਇਓ।

ਸਵਈਏ ਮਹਲੇ ਪਹਲੇ (1390)

ਅਰਥਾਤ – ਹੇ ਗੁਰੂ ਨਾਨਕ! ਕਲਜੁਗ ਵਿਚ (ਭੀ ਤੂ ਹੀ) ਸਮਰਥਾ ਵਾਲਾ ਹੈਂਚ ਤੂੰ ਹੀ ਆਪੱਣੇ ਆਪ ਨੂੰ ਗੁਰੂ ਅੰਗਦ ਤੇ ਗੁਰੂ ਅਮਰਦਾਸ ਅਖਵਾਇਆ ਹੈ। ਇਹ ਤਾਂ ਅਕਾਲ ਪੁਰਖ ਨੇ ਹੀ ਹੁਕਮ ਦੀ ਰੱਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦ੍ਹਾ ਰਾਜ ਸਦਾ ਖਿਰ ਤੇ ਅੱਟਲ ਹੈ।

# ਸੰਗੀਤ ਮੰਡਲ ਦਾ ਚਮਕਦਾ ਸਿਤਾਰਾ ਭਾਈ ਦਲੀਪ ਸਿੰਘ ਤਬਲਾ ਉਸਤਾਦ

ਤਾਲ ਦੀ ਕਮਾਲ ਅਤੇ ਹਿਰਦੇ ਦੀ ਦਿਆਲਤਾ ਨਾਲ ਭਰਪੂਰ ਸ਼ਖਸ਼ੀਅਤ. ਉਸਤਾਦਾਂ ਦੇ ਉਸਤਾਦ ਭਾਈ ਦਲੀਪ ਸਿੰਘ (ਤਬਲਾ ਉਸਤਾਦ) ਸੰਗੀਤ ਪ੍ਰੇਮੀਆਂ ਅਤੇ ਤਬਲਾ ਸਿਖਿਆਰਥੀਆਂ ਦੀਆਂ ਉਮੰਗਾਂ ਤਰੰਗਾਂ ਨੂੰ ਡਾਢੀ ਚੋਟ ਮਾਰਦੇ ਹੋਏ ਅੱਟਲ ਅਕਾਲੀ ਹੁਕਮ ਅਨੁਸਾਰ 13 ਜੂਨ. 93 ਨੂੰ ਇਸ ਸੰਸਾਰ ਤੋ ਕੂਚ ਕਰ ਗਏ। ਪਹਿਲੀ ਜਨਵਰੀ, 1923 ਨੂੰ ਪਿੰਡ ਲਲਿਆਣੀ. ਜਿਲ੍ਹਾਂ ਲਾਹੌਰ ਵਿਚ ਸ੍ਰ: ਤੇਜਾ ਸਿੰਘ ਦੇ ਘਰ ਜਨਮੇ। ਬਾਲ ਉਮਰੇ ਮਾਤਾ ਜੀ ਚਲਾਣਾ ਕਰ ਗਏ। 10 ਸਾਲ ਦੀ ਉਮਰ ਵਿਚ ਹੀ ਭਾਈ ਮੰਦ ਕੋਕੋਂ ਤਬਲਾ ਸਿੱਖਣ ਲਈ ਭੇਜਿਆ ਗਿਆ। ਭਾਈ ਸੁੰਦਰ ਸਿੰਘ ਗੁਜਰਾਂਵਾਲਿਆਂ ਕੋਲੋਂ ਵੀ ਵਿਦਿਆ ਪ੍ਰਾਪਤ ਕੀਤੀ। ਦੇਵ ਸਮਾਜ ਕਾਲਜ ਫਿਰੋਜ਼ਪੁਰ ਵਿਚ ਸੰਗੀਤ ਵਿਭਾਗ 'ਚ ਰਹੇ। ਤਬਲਾ ਮੁਹਾਰਤ ਹਾਸਲ ਕਰਨ ਦੀ ਤਮੰਨਾ ਲੈ ਕੇ ਇੰਦੋਰ ਵਿਖੇ ਉਸਤਾਦ ਜਹਾਂਗੀਰ ਖਾਂ ਸਾਹਿਬ ਪੂਰਬ ਘਰਾਣੇ ਵਾਲਿਆਂ ਕੋਲ ਸ਼ਗਿਰਦੀ ਕੀਤੀ। ਰੇਡੀਓ ਸਟੇਸ਼ਨ ਜਲੰਧਰ ਵਿਚ ਚੁਣੇ ਜਾਣ ਪਿਛੋਂ ਪੰਜਾਬ ਘਰਾਣੇ ਦੇ ਉਸਤਾਦ ਬਹਾਦਰ ਸਿੰਘ ਦੀ ਕਲਾ ਦੇਖ ਕੇ ਦੰਗ ਰਹਿ ਗਏ। ਸਗਿਰਦੀ ਕਰਕੇ 10 ਸਾਲ ਤੱਕ ਤਬਲਾ ਸਿੱਖਿਆ। ਵਿਸ਼ੇਸ਼ ਗੱਲ ਇਹ ਸੀ ਕਿ ਉਸਤਾਦਾਂ ਨੇ ਆਪਣੀ ਸੰਪੂਰਨ ਵਿਦਿਆ ਹੀ ਭਾਈ ਸਾਹਿਬ ਨੂੰ ਦੇ ਦਿੱਤੀ ਸੀ। ਸ੍ਰ: ਬਹਾਦਰ ਸਿੰਘ ਦੇ ਚਲਾਣੇ ਉਪਰੰਤ ਇਨ੍ਹਾਂ ਨੂੰ ਤਬਲਾ ਉਸਤਾਦ ਥਾਪਿਆ ਤੇ ਮੰਨਿਆ ਗਿਆ।

ਮਦਰਾਸ ਜਾ ਕੇ ਸੰਗੀਤ ਸੰਸਾਰ (ਜ਼ੈਮਿਨੀ ਪਿਕਚਰਜ਼ ਵਿਚ) ਨੌਕਰੀ ਕੀਤੀ। ਉਥੇ ਇਕ ਮੰਗਤਾ ਘੰਟਿਆਂ ਬੱਧੀ ਇਨ੍ਹਾਂ ਦਾ ਤਬਲਾ ਸੁਣਦਾ ਰਹਿੰਦਾ। ਮਧੂਸੂਦਨ ਨਾਂ ਦੇ ਇਸ ਮੰਗਤੇ ਨੇ ਭਾਈ ਸਾਹਿਬ ਤੋਂ ਪਿਆਰ ਦੀ ਫੀਸ ਦੇ ਕੇ ਤਬਲਾ ਸਿੱਖਿਆ ਤੇ ਅੱਜ ਇਕ ਬਹੁਤ ਵੱਡਾ ਸੰਗੀਤਕਾਰ ਹੈ।

ਮੰਜੀ ਸਾਹਿਬ ਅੰਬਾਲੇ ਅਤੇ ਹੋਰ ਕਈ ਥਾਵਾਂ ਤੇ ਨੌਕਰੀ ਕਰਨ ਉਪਰੰਤ 1964 ਵਿਚ ਲੁਧਿਆਣੇ ਆਏ ਤਾਂ ਸੰਗੀਤ ਦੇ ਮਹਾਂਰੱਥੀ ਉਸਤਾਦ ਪ੍ਰੋ: ਕਰਤਾਰ ਸਿੰਘ ਹੋਰਾਂ ਦੀ ਪਿਆਰ ਪ੍ਰੇਰਨਾ ਸਦਕਾ 1973 ਤੋਂ 1989 ਤੱਕ ਗੁਰੂ ਨਾਨਕ ਗਰਲਜ਼ ਕਾਲਜ. ਮਾਡਲ ਟਾਊਨ ਵਿਚ ਸੇਵਾ ਕੀਤੀ। ਅੰਤਲੇ ਦਿਨਾਂ ਵਿਚ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ (ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ) ਵਿਚ ਤਬਲਾ ਸਿਖਲਾਈ ਦੇ ਉਸਤਾਦ ਸਨ। ਗੁਰਸ਼ਬਦ ਅਕੈਡਮੀ. ਜਵੱਦੀ ਕਲਾਂ ਵਿਚ ਵੀ ਤਬਲਾ ਸਿਖਲਾਈ ਦੇਂਦੇ ਸਨ।

ਕੋਮਲ ਰਿਹਦੇ, ਨਿਰਮਾਣ ਆਪੇ, ਕਲਾਤਮਕ ਸੂਝ ਅਤੇ ਗਰੀਬ ਮਸਕੀਨ ਪਰ ਸੱਚੇ ਸਿਖਿਆਰਥੀਆਂ ਪ੍ਰਤੀ ਦਇਆਲੂ ਰਵਈਆ ਰੱਖਣ ਵਾਲੇ ਇਸ ਮਹਾਨ

ਕਲਾਕਾਰ ਨੂੰ ਪੰਡਿਤ ਦਲੀਪ ਚੰਦਰ ਬੇਦੀ, ਸ੍ਰ: ਸੋਹਣ ਸਿੰਘ, ਮਾਦਰੀ ਮਟੂ, ਹਰੀਸ਼ ਚੰਦਰ ਬਾਲੀ, ਮਦਨ ਲਾਲ ਬਾਲੀ, ਕੁੰਦਨ ਲਾਲ ਭੂਤ, ਪੰਡਤ ਬਨਵਾਰੀ ਲਾਲ, ਸ੍ਰ ਤਰਲੋਚਨ ਸਿੰਘ, ਕ੍ਰਿਸ਼ਨ ਮਹਾਰਾਜ ਆਦਿ ਨਾਲ ਸੰਗਤ ਕਰਨ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਭਾਈ ਸਾਹਿਬ ਸਮੁੰਦ ਸਿੰਘ, ਭਾਈ ਚਾਂਦ, ਭਾਈ ਸੰਤਾ ਸਿੰਘ, ਭਾਈ ਗੁਰਮੁੱਖ ਸਿੰਘ ਸੁਮਰਮੁੱਖ ਸਿੰਘ, ਭਾਈ ਪਾਲ ਸਿੰਘ ਆਦਿ ਨਾਲ ਸੰਗਤ ਕਰਨ ਦਾ ਮਾਣ ਹਾਸਲ ਰਿਹਾ। ਇਨ੍ਹਾਂ ਦੇ ਪਰਵਾਰ ਵਿਚ ਦੋ ਲੜਕੇ ਸ੍ਰ. ਜਤਿੰਦਰਪਾਲ ਸਿੰਘ, ਦਵਿੰਦਰਪਾਲ ਸਿੰਘ ਅਤੇ ਦਾਮਾਦ ਡਾ: ਤਰਲੋਚਨ ਸਿੰਘ ਤਬਲਾ ਵਿਦਿਆ ਦਾ ਕਮਾਲ ਦੁਨੀਆਂ ਨਾਲ ਸਾਂਝਾ ਕਰਨ ਲਈ ਤੱਤਪਰ ਹਨ। ਅੱਜ ਦਰਜਨਾਂ ਹੀ ਤਬਲਾ ਉਸਤਾਦ ਭਾਈ ਸਾਹਿਬ ਤੋਂ ਸਿੱਖਿਆ ਹਾਸਲ ਕਰਕੇ ਸੰਗੀਤ ਖੇਤਰ ਵਿਚ ਸਥਾਪਤ ਹਨ।

ਸੱਚਮੁਚ ਅਜਿਹੇ ਸਮਰਪਿਤ ਕਲਾਕਾਰਾਂ ਦੀ ਜੀਵਨ ਘਾਲਨਾ ਅਤੇ ਲਗਨ ਤੋਂ ਬਹੁਤ ਕੁਝ ਸਿਖਣ ਯੋਗ ਹੈ।

(ਰਵਿੰਦਰ ਸਿੰਘ)

ਪ੍ਰਧਾਨ, ਕੀਰਤਨ ਵਿਭਾਗ

ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ

ਕੇਂਦਰੀ ਦਫ਼ਤਰ: ਮਾਡਲ ਟਾਊਨ ਐਕਸਟੈਨਸ਼ਨ

ਲੁਧਿਆਣਾ।

# गुरु नानक देव जी द्वारा संगीतकारों का उत्थान

डा.गीता पैन्तल

गुरु जी ने संगीत को ही नया जीवन नहीं प्रदान किया, अपितु संगीत कारों को भी समाज सें आदर कास्थान प्रदान किए जाने के लिये अवरुद्ध कपाट मुक्त कर दिए। इस काल में गाने-बजाने का कार्य 'मीरासी' जाति के लोग करते थे जो विद्वानों के मतानुसार प्रथमतःहिन्दू थे लेकिन मुस्लिम शासन स्थापित हो जाने के पश्चात धर्मपरिर्वतन के फलस्वरुप मुसलमान हो गये। इनके मुसलमान होने के मूल में दो ही कारणों की कल्पना की जा सकती है-एक तो आर्थिक विपन्नता और दूसरे मान-प्रतिष्ठा प्राप्त करने का लोभ। जब सभ्य समाज सें संगीत -कला को हेय दृष्टि से देखा जाने लगा तो कलाकार समुदाय भी सभ्य समाज द्वारा उपेक्षित हुआ। संगीत-कला की लोकप्रियता में ह्रास हो जाने के कारण इनका आर्थिक दृष्टि से विपन्न होना भी स्वाभाविक था। अस्तु, इन दोनों ही अभावों से त्राण पाने के लिए ही इस समुदाय ने अत्यधिक संख्या में प्रायः एक जुट होकर इस्लाम धर्म को स्वीकार कर लिया, एसा सोचना अनुचित न होगा।

गुरु नानक देव जी ने देखा कि संगीत की वास्तविक निधि इसी समुदाय के हाथ में है।

अस्तु, कीर्तन के प्रचार के लिये उन्होंने इनका सहयोग लेना उपयुक्त समझा। संयोग से मरदाना नामक एक भाग्यशाली मीरासी पर गुरु जी की कृपादृष्टि पड़ी जो मुसलमान भी होते हुए भी गुरु जी की श्रद्धा के रंग में रंग गया। मरदाना को साथ लेकर गुरु जी देश-विदेश के भ्रमण के लिए निकल पड़े। मरदाना रबाब बजाने में निपुण था। रबाब के सुरों पर गुरु जी और मरदाना हरिकीर्तन करते और श्रोताओं को आत्मविभोर कर देते।1 राग और लय में बद्ध यह कीर्तन शीघ्र ही लोकप्रिय हो गया और इस प्रकार राग-संगीत समाज में प्रतिष्ठा प्राप्त करने लगा।

मरदाना एक तो मुसलमान था, दूसरे समाज सें नीची समझी जाने वाली मीरासी जाति का था, लेकिन गुरु जी द्वारा अंगीकार कर लिए जाने पर समाज में उसकी प्रतिष्ठा को चार चांद लग गये और उसके साथ ही सम्पूर्ण मीरासी जाति सम्मान की दृष्टि से देखी जाने लगी। मरदाना अब केवल मरदाना नहीं रह गया, समाज उसे सम्मान देने के लिए 'भाई मरदाना' कहने लगा। देखा-देखी अन्य मीरासी भी कीर्तन गायन में प्रवृत हुए और इस प्रकार मुसलमान मीरासी जाति हरि कीर्तन द्वारा सभ्य समाज में समादृत हुई। गुरु नानक देव जी द्वारा संगीत का ही उत्थान नहीं हुआ, अपितु संगीतकारों का भी उत्थान हुआ, यह तथ्य स्वतः प्रमाणित हो जाता है।

# ਸ੍ਰੀ ਰਾਗੁ

ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ

ਜਾਤੀ:- ਔੜਵ ਸਪੂੰਰਣ ਵਾਦੀ -ਰੇ

ਠਾਠ:- ਪੂਰਬੀ ਸੰਵਾਦੀ -ਪ

ਸਮਾਂ:- ਸ਼ਾਮ

ਆਰੋਹ:- ਸਾ ਰੁ ਮ' ਪਾ ਨੀ ਸਾਂ

ਅਵਰੋਹ:- ਸਾਂ ਨੀ ਧੁ ਪਾ ਮ' ਗਾ ਰੁ ਸਾ

ਪਕੜ:- ਸਾ ਰੁ ਰੁ. ਸਾ. ਮ'. ਰੁ. ਮ'. ਪਾ. ਮ'. ਰੁ. ਗਾ. ਰੁ ਮ' ਗਾ ਰੁ. ਸਾ

ਮੁੱਖ ਅੰਗ :– ਰੁ ਰੁ. ਪਾ. ਪਾ. ਮ' ਧੁ. ਪਾ. ਮ' ਗ ਰੇਂ. ਪ ਮ'. ਗ ਰੁ. ਗ ਰੇ ਸ
ਸ ਰੁ ਸ

**ਅਲਾਪ**: ਪਾ ਰੁ ਗਾ ਰੁ ਸਾ .ਨੀ. ਸਾ. ਰੁ ਸਾ. ਮ' ਪਾ ਰੁ. ਮ' ਪ ਨੀ ਸਾਂ.
ਨੀ. ਧੁ. ਪਾ. ਮ' ਗਾ ਰੁ ਮ' ਪਾ ਰੁ ਗਾ. ਪਾ ਧੁ ਪਾ ਮ' ਪਾਨੀਸਾਂ
ਨੀ ਰੁੇਂ ਸਾਂ ਰੁੇਂ ਗਾਂ ਰੁੇਂ ਸਾਂ ਰੁੇਂ ਨੀ ਧੁ ਪਾ. ਮ' ਪਾ ਨੀ ਸਾਂ ਨੀ ਰੁੇਂ. ਗਾਂ ਰੁੇਂ ਸਾਂ.
ਰੁੇਂ ਰੁੇਂ ਗਾਂ ਰੁੇਂ ਮ' ਪਾਂ ਰੁੇਂ ਸਾਂ. ਨੀ ਧੁ ਪਾ. ਮ'ਧੁਪਾ. ਪਾ ਰੁ ਗਾ
ਰੁ. ਸਾ ਰੁ. ਪਾ. ਮ' ਗਾ ਰੁ ਸਾ

**ਤਬਲੇ ਦੇ ਬੋਲ:–**

| | | | | | | | | | | | | | |
|---|---|---|---|---|---|---|---|---|---|---|---|---|---|
| ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| 0 | | | 1 | | 2 | | 0 | | | 1 | | 2 | |
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਗਰੁ | ਗਾ | ਰੁ | ਸਾ | s | s | s | ਪਾ | ਪਾਮ' | ਧੁ | ਪਾ | s | s | s |
| ਹਰਿ | ਬਿ | ਨੁ | ਜੀ | s | ਉ | s | ਜਲਿ | ਬ | ਲਿ | ਜਾ | s | ਉ | s |
| ਪਾ | ਨੀ | s | ਧੁ | s | ਪਾ | s | ਮ' | s | ਧੁ | ਪਾ | s | s | s |
| ਮੈ | ਆ | ਪ | ਣਾ | s | ਗੁ | ਰੁ | ਪੂ | s | ਛਿ | ਦੇ | ਖਿ | ਆ | s |
| ਨੀ | s | s | ਧੁ | s | ਪਾ | s | ਰੁ | ਗਾ | ਰੁ | ਸਾ | s | s | s |
| ਅ | ਵ | ਰੁ | ਨਾ | s | ਹੀ | s | ਥਾ | s | s | ਉ | s | s | s |

| | | | | | | | | | | | | | |
|---|---|---|---|---|---|---|---|---|---|---|---|---|---|
| ਪਾ | s | ਮ' | ਪਾ | s | ਨੀ | s | ਸਾਂ | s | ਰੇਂ | ਸਾਂ | s | s | s |
| ਮੋ | ਤੀ | ਤ | ਮੰ | s | ਦ | ਰ | ਊ | s | ਸ | ਰ | ਹਿ | s | s |
| ਰੇਂ | s | s | ਗਾਂ | s | ਰੇਂ | ਸਾਂ | ਨੀ | ਧਾ | s | ਪਾ | s | s | s |
| ਰਤ | ਨੀ | ਤ | ਹੋ | s | ਹਿ | ਜ | ੜਾ | s | s | ਉ | s | s | s |
| ਪਾ | s | ਮ' | ਪਾ | s | ਨੀ | s | ਸਾਂ | s | ਰੇਂ | ਸਾਂ | s | s | s |
| ਕਸ | ਤੂ | ਰਿ | ਕੁੰ | s | ਗੂ | s | ਅ | ਗ | ਰਿ | ਚੰ | s | ਦ | ਨਿ |
| ਰੇਂ | s | s | ਗਾਂ | s | ਰੇਂ | ਸਾਂ | ਨੀ | ਧਾ | s | ਪਾ | s | s | s |
| ਲੀ | s | ਪਿ | ਆ | s | ਵੈ | s | ਚਾ | s | s | ਉ | s | ਮ | ਤੁ |
| ਨੀ | s | s | ਧਾ | s | ਪਾ | s | ਪਮ' | s | ਧ | ਪਾ | s | ਪਾ | s |
| ਦੇ | s | ਖਿ | ਭੂ | s | ਲਾ | s | ਵੀs | s | ਸ | ਰੈ | s | ਤੇ | ਰਾ |
| ਨੀ | s | s | ਧਾ | s | ਪਾ | s | ਰੇ | ਗਾ | ਰੇ | ਸਾ | s | s | s |
| ਚਿ | ਤਿ | ਨ | ਆ | s | ਵੈ | s | ਨਾ | s | s | ਉ | s | s | s |

ਮੋਤੀ[39] ਤ ਮੰਦਰ[40] ਊਸਰਹਿ[41] ਰਤਨੀ[42] ਤ ਹੋਹਿ ਜੜਾਉ[43]

ਕਸਤੂਰਿ[44] ਕੁੰਗੂ[45] ਅਗਰਿ[46] ਚੰਦਨਿ[47] ਲੀਪਿ[48] ਆਵੈ [49] ਚਾਉ[50]॥

ਮਤੁ[51] ਦੇਖਿ[52] ਭੂਲਾ[53] ਵੀਸਰੈ[54] ਤੇਰਾ ਚਿਤਿ[55] ਨ ਆਵੈ[56] ਨਾਉ॥1॥

Shall I have palaces[40],built[41] of rubies[39], set with[43] gems[42] and plasltered[48] with musk[44], saffron[49] and saw dust of eagle[46] and sandal wood[47], by which yearning ambition[50] may arise[49] in the mind?

No, lest[51] by seeing[52] them, I may go astray[53], forget[54] Thee,O'God! and Thy Name may not enter[56] my heart[55]

ਕੀ ਮੈਂ ਜਵਾਹਰਤਾਂ[42] ਨਾਲ ਜੜਿਤ[43], ਲਾਲਾ[39] ਦੇ ਬਣੇ[41] ਹੋਏ ਮਹਲ[40] ਜਿਹੜੇ ਕਸਤੂਰੀ.[44] ਕੇਸ਼ਰ[46] ਅਤੇ ਚੋਆ[46] ਤੇ ਸੰਦਲ[47] ਦੀ ਲੱਕੜੀ ਦੇ ਬੁਰਾਦੇ ਨਾਲ ਲਿੱਪੇ[48] ਹੋਏ ਹੋਣ ਅਤੇ ਜਿਹੜੇ ਮਨ ਵਿਚ ਤੀਬਰ ਉਮੰਗਾਂ[50] ਪੈਦਾ[49] ਕਰ ਦੇਣ, ਲੈ ਲਵਾਂ?

ਨਹੀਂ, ਕਿਤੇ ਐਸਾ ਨਾ ਹੋਵੇ[51] ਕਿ ਇਨ੍ਹਾਂ ਨੂੰ ਵੇਖਕੇ[52] ਮੈਂ ਕੁਰਾਹੇ[53] ਪੈ ਜਾਵਾਂ। ਤੈਨੂੰ, ਹੇ ਵਾਹਿਗੁਰੂ ! ਭੁੱਲ[54] ਜਾਵਾਂ, ਅਤੇ ਤੇਰਾ ਨਾਮ ਮੇਰੇ ਦਿਲ[55] ਅੰਦਰ ਪ੍ਰਵੇਸ਼[56] ਨਾ ਕਰੇ।

ਹਰਿ ਬਿਨੁ[37] ਜੀਉ ਜਲਿ[58] ਬਲਿ ਜਾਉ॥

ਮੈ ਆਪਣਾ ਗੁਰੁ ਪੂਛਿ[59] ਦੇਖਿਆ[60] ਅਵਰੁ[61] ਨਾਹੀ ਥਾਉ[62]॥1॥ ਰਹਾਉ॥

Without[57] God my soul is scorched and burnt[58] down.

I am convinced after consulting[59] my Guru that there is no other[60] place[62] (except God). Pause.

ਵਾਹਿਗੁਰੂ ਦੇ ਬਗੈਰ[57] ਮੇਰੀ ਆਤਮਾ ਸੁੱਕ ਸੜ ਜਾਂਦੀ58 ਹੈ।

ਆਪਣੇ ਗੁਰਦੇਵ ਜੀ ਤੋਂ ਪਤਾ ਕਰਕੇ[59] ਮੇਰੀ ਤਸੱਲੀ[60] ਹੋ ਗਈ ਹੈ ਕਿ (ਵਾਹਿਗੁਰੂ ਦੇ ਬਾਝੋਂ) ਕੋਈ ਹੋਰ[61] ਜਗ੍ਹਾ[62] ਨਹੀਂ। ਠਹਿਰਾਉ।

ਧਰਤੀ[63]ਤ ਹੀਰੇ [64]ਲਾਲ[68] ਜੜਤੀ ਪਲਘ ਲਾਲ ਜੜਾਉ[69]॥

ਮੋਹਣੀ[70] ਮੁਖਿ[71] ਮਣੀ[72] ਸੋਹੈ[73]ਕਰੇ [75]ਰੰਗਿ[74] ਪਸਾਉ[76]॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥2॥

Though the floor[63] be a mosaic[64] of diamonds[65] and rubies[66], the couch[67] be enchased[68] with gems[69] and a fascinating home[70] with emerald[72] bedecked[73] face[71] invites[75] me to the couch with love[74] and capturing jestures[76].

May it not be that on beholding them I may go amiss, forget Thee and remember not Thy Name.

ਭਾਵੇ ਫਰਸ਼[63] ਰਤਨਾ[64] ਤੇ ਜਵੇਹਰਾ[65] ਨਾਲ ਫੁੱਲ ਜੜਤ[68] ਹੋਵੇ। ਪਲੰਘ [69] ਪੰਨਿਆਂ ਨਾਲ ਜੜਿਆ[70] ਹੋਵੇ ਅਤੇ ਮਾਣਿਕ[71] ਨਾਲ ਸਜਤ[73] ਚਿਹਰੇ[71] ਵਾਲੀ ਦਿਲ ਚੁਰਾਉਣ ਵਾਲੀ ਹੂਰਾਂ-ਪਰੀ[70] ਪਿਆਰ[74] ਤੇ ਦਿਲ ਖਿੱਚਵੇਂ ਇਸ਼ਾਰਿਆਂ[76] ਨਾਲ ਮੈਨੂੰ ਪਲੰਘ ਉਤੇ ਸੱਦੇ[76]।

ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈ ਰਾਹੋ ਘੁਮ ਜਾਵਾਂ, ਤੈਨੂੰ ਵਿਸਰ ਜਾਵਾਂ ਅਤੇ ਤੇਰੇ ਨਾਮ ਦਾ ਆਰਾਧਨ ਨਾ ਕਰਾ।

ਸਿਧੁ[77] ਹੋਵਾ[78] ਸਿਧਿ ਲਾਈ[79] ਰਿਧਿ[80] ਆਖਾ ਆਉ[81]॥

ਗੁਪਤੁ[82] ਪਰਗਟੁ[83] ਹੋਇ ਬੈਸਾ[84] ਲੋਕੁ[85] ਰਾਖੈ ਭਾਉ[86]॥

ਮਤੁ ਦੇਖਿ ਭੂਲਾ ਵੀਸਰੈ ਤੈਰਾ ਚਿਤਿ ਨ ਆਵੈ ਨਾਉ॥3॥

Becoming[77] man of occult power[78] Were I to work[79] miracles and command and[81] wealth[82]; were I to become[84]

non-apparent[82] and apparent at will, and thereby people[85] may have regard[86] for me; May it not be that on beholding them I may go amiss, forget Thee and remembeer not Thy Name.

ਕਰਾਮਾਤੀ ਬੰਦਾ[77] ਬਣ[78] ਜੇਕਰ ਮੈ ਕਰਾਮਾਤਾਂ ਕਰ[79] ਅਤੇ ਧਨ[80] ਸੰਪਦਾ ਨੂੰ ਹੁਕਮ ਦੇਹ ਸੱਦ ਲਵਾਂ[81] ਅਤੇ ਜੇਕਰ ਮੈਂ ਮਰਜੀ ਅਨੁਸਾਰ ਅਲੋਪ[82] ਤੇ ਪਰਤੱਖ[83] ਹੋ ਜਾਵਾਂ[84], ਜਿਸ ਕਰ ਕੇ ਜਨਤਾ[85] ਮੇਰਾ ਆਦਰ[86] ਤੇ ਮਾਣ ਕਰੇ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈ ਰਾਹੋਂ ਘੁਸ ਜਾਵਾਂ. ਤੈਨੂੰ ਵਿਸਰ ਜਾਵਾਂ ਅਤੇ ਤੇਰੇ ਨਾਮ ਦਾ ਆਰਾਧਨ ਨਾ ਕਰਾਂ।

ਸੁਲਤਾਨ[88] ਹੋਵਾ[87] ਮੇਲਿ[89] ਲਸਕਰ[90] ਤਖਤਿ[91] ਰਾਖਾ[92] ਪਾਉ[93]॥
ਹੁਕਮੁ[94] ਹਾਸਲ[94*] ਕਰੀ ਬੈਠਾ[95] ਨਾਨਕਾ ਸਭ[96] ਵਾਉ[97]॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥4॥1॥

Were I to become[87] an emperor[88] raise[90] a huge army[91], set[93] my foot on the throne[93] and seated[95] on the thron, were I to issue commands[94] and collect[94] revenue; O, Nanak! all this is liable to pass away like a puff of wind[97] May it not be that on beholding them I may go amiss, forget Thee and remember not Thy Name.

ਜੇਕਰ ਮੈਂ ਮਹਾਰਾਜਾ[88] ਹੋ ਜਾਵਾਂ[87] ਭਾਰੀ ਸੈਨਾ[90] ਜਮ੍ਹਾਂ[91] ਕਰ ਲਵਾਂ ਅਤੇ ਰਾਜ ਸਿੰਘਾਸਨ[92] ਉਤੇ ਆਪਣਾ ਪੈਰ[93] ਟਿਕਾ ਲਵਾਂ[94] ਤੇ ਤਖਤ ਉਤੇ ਬਹਿ ਕੇ ਜੇਕਰ ਮੈਂ ਫੁਰਮਾਨ ਜਾਰੀ ਕਰਾਂ ਅਤੇ ਮਾਮਲਾ ਉਗਰਾਹਾਂ[95] ਹੇ ਨਾਨਕ! ਇਹ ਸਾਰਾ ਕੁਝ[97] ਹਵਾ ਦੇ ਬੁੱਲੇ ਵਾਂਗ ਲੰਘ ਜਾਣ ਵਾਲਾ ਹੈ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈਂ ਰਾਹੋਂ ਘੁਸ ਜਾਵਾਂ. ਤੈਨੂੰ ਵਿਸਰ ਜਾਵਾ ਅਤੇ ਤੇਰੇ ਨਾਮ ਦਾ ਆਰਾਧਨ ਨਾ ਕਰਾਂ।

# ਦੂਸਰੀ ਰੀਤ ਸ੍ਰੀ ਰਾਗ

ਗਿਆਨ ਸਿੰਘ ਐਬਟਾਬਾਦ

ਤਬਲੇ ਦੇ ਬੋਲ:-

| | | | | | | | | | | | | | |
|---|---|---|---|---|---|---|---|---|---|---|---|---|---|
| ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |

| | | | | | | | | | | | | | |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਰੇ̱ | ਪਾ | ਪਾ | ਮ' | ਪਾਧਾ̱ | ਪਮ' | ਪਾ | ਮ' | ਗ | ਮੇ | ਗਾ | ਰੇ̱ | ਰੇ̱ | ਸਾ |
| ਪ੍ਰਾ | ਣੀ | sਤੂੰ | ਆ | sਇ | ਆਂ | s | ਲਾ | ਹਾ | s | ਲੈ | s | ਣਿ | s |
| ਸ | ਰੇ̱ | ਰੇ̱ | ਸ | .ਨੀ | ਸ | ਸ | ਗ | ਗ | ਮ' | ਗ | ਰੇ̱ | ਰੇ̱ | ਸ |
| ਲ | s | ਗਾ | ਕਿ | s | ਤੁ | ਕੁ | ਫ | s | ਕ | ੜੇ | s | sਸ | ਭ |
| ਪ | ਪ | ਪ | ਮ'. | ਪਧ̱ | ਪਮ' | ਪਾ | ਮ' | ਗ | ਮ' | ਗ | ਰੇ̱ | ਰੇ̱ | ਸ |
| ਮੁ | ਕ | ਦੀ | ਚ | ss | ਲੀ | s | ਰੈ | s | s | ਣਿ | s | s | s |
| ਨ. | ਧ̱. | ਧ̱. | ਪ. | ਮ'. | ਪ. | ਪ. | ਨ. | ਸ | ਸ· | ਰੇ̱ | ਰੇ̱ | ਸ | s |
| ਭਲ | ਕੇ | s | ਉ | s | ਠ | ਪ | ਪੌ | s | ਲੀ | ਐ | s | ਵਿ | ਣੁ |
| ਰੇ̱ | ਪ | ਪ | ਮ' | ਗ | ਗ | ਮ' | ਗ | ਰੇ̱ | ਮ' | ਗ | ਰੇ̱ | ਰੇ̱ | ਸ |
| ਬੁ | ਝੇ | s | ਮੁ | ਗ | ਧ | ਅ | ਜਾ | s | s | ਣਿ | s | s | s |
| ਪਾ | ਮ' | ਗਾ | ਮ' | - | ਪਾ | - | ਨੀ | ਸਾਂ | - | - | - | - | - |
| ਸੋ | ਪ੍ਰ | ਭੁ | ਚਿ | s | ਤ | ਨ | ਆ | s | s | ਇਉ | s | s | s |
| ਨ | ਰੇਂ | - | ਸੰ | - | - | - | ਸੰ | ਨ | ਧ̱ | ਪ | - | - | - |
| ਛੁ | ਟੈ | s | ਗੀ | s | ਬੇ | s | ਬਾ | s | s | ਣਿ | s | s | s |
| ਨ | ਰੇਂ̱ | - | ਗੰ | ਗੰ | - | - | ਮ' | ਗੰ | ਗੰ | ਰੇਂ̱ | - | ਸੰ | - |
| ਸਤਿ | ਗੁ | ਰ | ਸੇ | s | ਤੀ | s | ਚਿ | ਤੁ | ਲਾ | ਇ | s | s | s |
| ਸੰ | ਨ | ਧ̱ | ਪ | - | - | - | ਮ' | ਗ | ਮ' | ਗ | ਰੇ̱ | ਸ | - |
| ਸ | ਦਾ | ਸ | ਦਾ | s | ਰੰ | ਗ | ਮਾ | s | s | ਣਿ | s | s | s |

ਸਿਰੀ ਰਾਗੁ ਮਹਲਾ 5॥

Sri Rag, Fifth Guru.

ਸਿਰੀ ਰਾਗ. ਪੰਜਵੀਂ ਪਾਤਸ਼ਾਹੀ।

ਭਲਕੇ[86] ਉਠਿ[87] ਪਪੋਲੀਐ[83] ਵਿਣੁ ਬੁਝੇ[89] ਮੁਗਧ[90] ਅਜਾਣਿ[91]॥

Arising[87] each day[86], the man cherishes[88] his body,but without understanding[89] the Lord, he is idiot[90] and ignorant[91].

ਹਰ ਰੋਜ਼[86] ਉਠਕੇ ਇਨਸਾਨ ਆਪਣੀ ਦੇਹਿ ਨੂੰ ਪਾਲਦਾ-ਪੋਸਦਾ[88]ਹੈ ਪ੍ਰੰਤੂ ਸਾਹਿਬ ਨੂੰ ਸਮਝਣ[89] ਦੇ ਬਾਝੋਂ ਉਹ ਬੁਧੂ[90] ਤੇ ਬੇ-ਸਮਝ[91] ਹੈ।

ਸੋ[92] ਪ੍ਰਭੁ ਚਿਤਿ[93] ਨ ਆਇਓ ਛੁਟੈਗੀ[94] ਬੇਬਾਣਿ[95]॥

That Lord[92] he remembers[93] not, (his body) shall be forsaken[94] in widerness[95].

ਉਸ ਸਾਹਿਬ[92] ਨੂੰ ਉਹ ਚੇਤੇ[93] ਨਹੀਂ ਕਰਦਾ. ( ਉਸ ਦੀ ਦੇਹਿ) ਉਜਾੜ[95] ਵਿਚ ਛੱਡ[94] ਦਿੱਤੀ ਜਾਏਗੀ।

ਸਤਿਗੁਰ ਸੇਤੀ[96] ਚਿਤੁ[97] ਲਾਇ[98] ਸਦਾ ਸਦਾ[99] ਰੰਗੁ[100] ਮਾਣਿ[2]॥੧॥

Attach[98] the mind[97] with[96] the true Guru and enjoy[2] bliss[100] for ever and aye[99].

ਸੱਚੇ ਗੁਰਾਂ ਨਾਲ[96] ਆਪਣੇ ਮਨ[97] ਨੂੰ ਜੋੜ[98] ਅਤੇ ਸਦੀਵ ਤੇ ਹਮੇਸ਼ਾ[99] ਲਈ ਅਨੰਦ[100] ਲੁੱਟ[2]।

ਪ੍ਰਾਣੀ[3] ਤੂੰ ਆਇਆ[4] ਲਾਹਾ[5] ਲੈਣਿ[6]॥

O' mortal[3]! thou came[4] to earn[6] profit[5].

ਹੇ ਫ਼ਾਨੂ[3] ਬੰਦੇ! ਤੂੰ ਨਫਾ[5] ਕਮਾਉਣ[6] ਲਈ ਆਇਆ[4] ਸੈਂ।

ਲਗਾ[7] ਕਿਤੁ[8] ਕੁਫਕੜੇ[9] ਸਭ ਮੁਕਦੀ[10] ਚਲੀ ਰੈਣਿ[11]॥ ੧॥ ਰਹਾਉ॥

With what[8] useless tasks[9] art thou engaged[7]? Thy entire Night[11] (life) is coming to an end[10]. Pause.

ਤੂੰ ਕਿਹੜੇ[8] ਫ਼ਜ਼ੂਲ[9] ਕੰਮ ਨਾਲ ਰੁਝਿਆ[7] ਹੈ? ਤੇਰੀ ਸਾਰੀ ਜੀਵਨ-ਰਾਤ੍ਰੀ[11] ਖ਼ਤਮ[10] ਹੁੰਦੀ ਜਾ ਰਹੀ ਹੈ। ਠਹਿਰਾਉ।

ਕੁਦਮੁ ਕਰੇ[12] ਪਸੁ[13] ਪੰਖੀਆ[14] ਦਿਸੈ[15] ਨਾਹੀ ਕਾਲੁ[16]॥

ਓਤੈ[17] ਸਾਥਿ[18] ਮਨੁਖੁ[19] ਹੈ ਫਾਥਾ[20] ਮਾਇਆ[21] ਜਾਲ[22]॥

The animals[12] and birds[14] frisk[12] about and behold[15] not death[16].

ਢੰਗਰ[13] ਤੇ ਪੰਛੀ[14] ਕੁੱਦਦੇ-ਟੱਪਦੇ[12] ਹਨ ਅਤੇ ਮੌਤ[16] ਨੂੰ ਨਹੀਂ ਵੇਖਦੇ[15]।

ਮੁਕਤੇ[23] ਸੇਈ[24] ਭਾਲੀਅਹਿ[25] ਜਿ[26] ਸਚਾ[27] ਨਾਮੁ ਸਮਾਲਿ[28] ॥2॥

With[18] (like) them[17] is also the man[19] who is ensnared[20] in the net[22] of mammon[21]. They alone[24] who[26] contemplate[28] over the True Name[27], are considered[75] to be emancipated[23].

ਉਨ੍ਹਾਂ[17] ਦੇ ਨਾਲ[18] ਦਾ (ਵਰਗ) ਹੀ ਮਾਣਸ[19] ਹੈ, ਜੋ ਮੋਹਨੀ[21] ਦੇ ਫੰਧੇ[22] ਵਿਚ ਫਸਿਆ[20] ਹੋਇਆ ਹੈ।

ਜੋ[29] ਘਰੁ[30] ਛਡਿ[31] ਗਵਾਵਣਾ[32] ਸੋ[33] ਲਗਾ[34] ਮਨ[35] ਮਾਹਿ[36]॥

That[29] house[30] which is to be abondoned[31] and vacated[32] that is attached[34] to[35] the mind[36].

ਜਿਹੜੇ[23] ਸਚੇ ਨਾਮ[27] ਦੀ ਅਰਾਧਨ[28] ਕਰਦੇ ਹਨ, ਉਹ[24] ਹੀ ਬੰਦਖਲਾਸ[23] ਸਮਝੇ[26] ਜਾਂਦੇ ਹਨ।

ਜਿਥੈ ਜਾਇ[37] ਤੁਧੁ ਵਰਤਣਾ[38] ਤਿਸ ਕੀ ਚਿੰਤਾ[39] ਨਾਹਿ॥

Thou hast no anxiety[39] regarding the one where thou hast to go[37] and dwell[38].

ਤੈਨੂੰ ਉਸ ਦਾ ਕੋਈ ਫਿਕਰ[39] ਨਹੀਂ, ਜਿਥੇ ਜਾ[37] ਕੇ ਤੂੰ ਰਹਿਣਾ[38] ਹੈ।

ਉਹ[33] ਗ੍ਰਿਹ[30] ਜਿਸ[29] ਨੂੰ ਤਿਆਗੁ[31] ਕੇ ਖ਼ਾਲੀ[32] ਕਰ ਦੇਣਾ ਹੈ, ਉਹ[33] ਮਨ[35] ਨਾਲ[36] ਜੁੜਿਆ[34] ਹੋਇਆ ਹੈ।

ਫਾਥੇ[40] ਸੇਈ[41] ਨਿਕਲੇ[42] ਜਿ[43] ਗੁਰ ਕੀ ਪੈਰੀ[44] ਪਾਹਿ[45]॥3॥

They[43], who[43] fall[45] at Guru's feet[44] are freed[42] of the bondage[40].

ਜਿਹੜੇ[43] ਗੁਰਾਂ ਦੇ ਚਰਨੀ[44] ਪੈਂਦੇ[45] ਹਨ, ਉਹ[41] ਫਾਹੀ[40] ਤੋਂ ਖ਼ਲਾਸੀ[42] ਪਾ ਸਕਦੇ ਹਨ।

ਕੋਈ ਰਖਿ[46] ਨ ਸਕਈ ਦੂਜਾ[47] ਕੋ ਨ ਦਿਖਾਇ[48]॥ ਚਾਰੇ ਕੁੰਡਾ[49] ਭਾਲਿਕੈ[50] ਆਇ ਪਇਆ[51] ਸਰਣਾਇ[52]॥

No one can save[43], without the Guru, I see[48] none else[47]. I have searched[50] the four directions[49] and have come and entered[51] Guru's sanctuary[82].

ਗੁਰਾਂ ਦੇ ਬਾਝੋਂ ਕੋਈ ਬਚਾਅ[46] ਨਹੀ ਸਕਦਾ। ਮੈਨੂੰ ਹੋਰ ਕੋਈ[47] ਨਹੀਂ ਦਿਸਦਾ[48]।ਮੈ ਚਾਰੇ ਪਾਸੇ[49] ਖੋਜ-ਭਾਲ[50] ਕਰ ਕੇ ਗੁਰੂ ਦੀ ਪਨਾਹ[52] ਵਿਚ[51] ਆ ਗਿਆ ਹਾਂ।

ਨਾਨਕ ਸਚੈ ਪਾਤਿਸ਼ਾਹਿ[53] ਡੁਬਦਾ[54] ਲਇਆ ਕਢਾਇ[55] ॥4॥3॥13॥

I was drowning[54] (but Guru), the True Kings[53], has saved[55] me, O'Nanak!

ਮੈਂ ਡੁਬ[54] ਰਿਹਾ ਸਾਂ, (ਪਰ ਗੁਰੂ) ਸੱਚੇ ਪਾਤਸ਼ਾਹ[53] ਨੇ ਮੇਰਾ ਪਾਰ ਉਤਾਰਾ[55] ਕਰ ਦਿੱਤਾ ਹੈ, ਹੇ ਨਾਨਕ! *****